# ਵੈਨਸਿਟੀ ਦਾ ਭਵਿੱਖ ਤੁਹਾਡੇ ਹੱਥਾਂ ਵਿੱਚ ਹੈ।



ਤੁਹਾਡੇ ਕੋਲ ਵੈਨਸਿਟੀ ਦੀ ਦਿਸ਼ਾ ਨੂੰ ਰੂਪ ਦੇਣ ਵਿੱਚ ਮਦਦ ਕਰਨ ਦੀ ਤਾਕਤ ਹੈ ਜਦੋਂ ਤੁਸੀਂ 2026 ਦੀ ਵੈਨਸਿਟੀ ਦੇ ਬੋਰਡ ਦੇ ਡਾਇਰੈਕਟਰਾਂ ਦੀ ਇਲੈਕਸ਼ਨ ਵਿੱਚ ਹੇਠਾਂ ਦਿੱਤੀਆਂ ਤਰੀਕਾਂ ਵਿਚਕਾਰ ਵੋਟ ਪਾਉਂਦੇ ਹੋ:

**ਮੰਗਲਵਾਰ, 7 ਅਪ੍ਰੈਲ, 2026 - ਸ਼ੁੱਕਰਵਾਰ, 24 ਅਪ੍ਰੈਲ, 2026**

ਬੋਰਡ ਲਈ ਉਮੀਦਵਾਰਾਂ ਦੀ ਚੋਣ ਕਰ ਕੇ, ਤੁਸੀਂ ਆਪਣੀ ਕ੍ਰੈਡਿਟ ਯੂਨੀਅਨ ਦੀ ਸੇਧ ਨੂੰ ਪ੍ਰਭਾਵਿਤ ਕਰਦੇ ਹੋ। ਇਸ ਤੋਂ ਇਲਾਵਾ, ਤੁਹਾਡੇ ਕੋਲ **200 ਡਾਲਰ ਤੋਂ 2500** ਡਾਲਰ ਦੀ ਹੱਦ ਵਿੱਚ 31 ਕੈਸ਼ ਕਰਨਯੋਗ ਟਰਮ ਡਿਪਾਜ਼ਟਾਂ ਵਿੱਚੋਂ 1 ਟਰਮ ਡਿਪਾਜ਼ਟ ਜਿੱਤਣ ਦਾ ਮੌਕਾ ਹੋਵੇਗਾ।*

**ਉਹਨਾਂ 3 ਤੱਕ ਉਮੀਦਵਾਰਾਂ ਨੂੰ ਵੋਟ ਪਾਉ, ਜਿਹੜੇ ਤੁਹਾਡੇ ਖਿਆਲ ਵਿੱਚ ਸਭ ਤੋਂ ਵਧੀਆ ਢੰਗ ਨਾਲ:**

- ਤੁਹਾਡੀ ਕ੍ਰੈਡਿਟ ਯੂਨੀਅਨ ਲਈ ਕਾਰਜਨੀਤੀ ਨਿਸ਼ਚਿਤ ਕਰਨਗੇ।
- ਇਸ ਗੱਲ ਨੂੰ ਪ੍ਰਭਾਵਿਤ ਕਰਨਗੇ ਕਿ ਵੈਨਸਿਟੀ ਤੁਹਾਡੀਆਂ ਵਿੱਤੀ ਜ਼ਰੂਰਤਾਂ ਨੂੰ ਕਿਵੇਂ ਪੂਰੀਆਂ ਕਰਦੀ ਹੈ ਅਤੇ ਕਮਿਊਨਿਟੀ ਵਿੱਚ ਪੂੰਜੀ ਨਿਵੇਸ਼ (ਇਨਵੈਸਟ) ਕਿਵੇਂ ਕਰਦੀ ਹੈ।
- ਲੀਡਰਸ਼ਿਪ ਟੀਮ ਨੂੰ ਸਲਾਹ ਅਤੇ ਸੇਧ ਦੇਣਗੇ।

**ਵੋਟ ਪਾਉਣ ਦੇ ਤਿੰਨ ਸੌਖੇ ਢੰਗ।****

**ਮੋਬਾਈਲ**

24 ਅਪ੍ਰੈਲ, 2026, ਸ਼ੁੱਕਰਵਾਰ ਸ਼ਾਮ ਦੇ 4:30 ਵਜੇ ਤੱਕ ਵੈਨਸਿਟੀ ਮੋਬਾਈਲ ਐਪ 'ਤੇ ਵੋਟ ਪਾਉ।

ਕਿਰਪਾ ਕਰ ਕੇ ਧਿਆਨ ਦਿਉ: ਬਿਜ਼ਨਿਸ ਮੈਂਬਰ ਮੋਬਾਈਲ ਐਪ ਰਾਹੀਂ ਵੋਟ ਨਹੀਂ ਪਾ ਸਕਦੇ।

**ਔਨਲਾਈਨ**

24 ਅਪ੍ਰੈਲ, 2026, ਸ਼ੁੱਕਰਵਾਰ ਸ਼ਾਮ ਦੇ 4:30 ਵਜੇ ਤੱਕ vancity.com/Election 'ਤੇ ਔਨਲਾਈਨ ਵੋਟ ਪਾਉ।

ਕਿਰਪਾ ਕਰ ਕੇ ਧਿਆਨ ਦਿਉ: ਬਿਜ਼ਨਿਸ ਮੈਂਬਰ ਔਨਲਾਈਨ ਵੋਟ ਨਹੀਂ ਪਾ ਸਕਦੇ।

**ਡਾਕ ਰਾਹੀਂ**

ਡਾਕ ਰਾਹੀਂ ਭੇਜੀਆਂ ਜਾਣ ਵਾਲੀਆਂ ਵੋਟਾਂ 'ਤੇ ਸ਼ੁੱਕਰਵਾਰ, 24 ਅਪ੍ਰੈਲ, 2026 ਤੋਂ ਪਹਿਲਾਂ ਡਾਕ ਵਿੱਚ ਪਾਏ ਜਾਣ ਦੀ ਮੋਹਰ ਲੱਗੀ ਹੋਣੀ ਚਾਹੀਦੀ ਹੈ।

ਇਲੈਕਸ਼ਨ ਬਾਰੇ ਪੂਰਾ ਵਿਸਥਾਰ ਜਾਣਨ ਲਈ, ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬਾਂ ਲਈ, ਅਤੇ ਬੋਰਡ ਦੇ ਮੌਜੂਦਾ ਡਾਇਰੈਕਟਰਾਂ ਅਤੇ ਨੌਮੀਨੇਸ਼ਨਜ਼ ਐਂਡ ਇਲੈਕਸ਼ਨ ਕਮੇਟੀ (ਨਾਮਜ਼ਦਗੀਆਂ ਅਤੇ ਚੋਣ ਕਮੇਟੀ) ਬਾਰੇ ਹੋਰ ਜਾਣਕਾਰੀ ਲਈ **vancity.com/Election** 'ਤੇ ਜਾਉ।

ਇਸ ਸਾਲ ਤੋਂ ਨਵਾਂ, ਸਾਡੀ ਆਨਲਾਈਨ ਵੋਟਿੰਗ ਦਾ ਪ੍ਰਬੰਧ ਸਿੰਪਲੀ ਵੋਟਿੰਗ ਵਲੋਂ ਕੀਤਾ ਜਾਂਦਾ ਹੈ, ਜੋ ਇਕ ਸੁਰੱਖਿਅਤ ਅਤੇ ਅਜ਼ਾਦ ਪਲੇਟਫਾਰਮ ਹੈ।

ਤੁਹਾਡੇ ਹੋਰ ਸਵਾਲ ਹਨ ਜਾਂ ਕੀ ਤੁਸੀਂ ਡਾਕ ਰਾਹੀਂ ਵੋਟ ਪਾਉਣ ਲਈ ਵੋਟ ਪਰਚੀ ਲਈ ਬੇਨਤੀ ਕਰਨਾ ਚਾਹੁੰਦੇ ਹੋ? ਕਿਰਪਾ ਕਰ ਕੇ 604-877-7595 'ਤੇ ਕਾਲ ਕਰ ਕੇ ਅਤੇ ਆਪਣੇ ਨਾਮ ਅਤੇ ਸੰਪਰਕ ਜਾਣਕਾਰੀ ਨਾਲ ਸੁਨੇਹਾ ਛੱਡੋ, ਜਾਂ election@vancity.com 'ਤੇ 21 ਅਪ੍ਰੈਲ 2026 ਤੱਕ ਈਮੇਲ ਕਰੋ।

ਬ੍ਰਾਂਚ ਵਿੱਚ ਆ ਕੇ ਵੋਟ ਨਹੀਂ ਪਾਈ ਜਾ ਸਕਦੀ, ਪਰ ਮੁਕੰਮਲ ਕੀਤੀਆਂ ਵੋਟ ਪਰਚੀਆਂ 24 ਅਪ੍ਰੈਲ 2026 ਤੱਕ ਕਿਸੇ ਵੀ ਬ੍ਰਾਂਚ ਵਿੱਚ ਆਕੇ ਦਿੱਤੀਆਂ ਜਾ ਸਕਦੀਆਂ ਹਨ।

*ਸਿਰਫ਼ ਨਿੱਜੀ ਬੈਂਕਿੰਗ ਮੈਂਬਰਾਂ ਲਈ। ਡਾਕ ਰਾਹੀਂ ਵੋਟ ਪਾਉਣ ਵਾਲੇ ਬਿਜ਼ਨਿਸ ਮੈਂਬਰਾਂ ਕੋਲ 1,000 ਡਾਲਰ ਦੇ ਕੈਸ਼ ਕਰਨਯੋਗ ਟਰਮ ਡਿਪਾਜ਼ਟਾਂ ਦੇ ਨਾਲ ਨਾਲ 200 ਡਾਲਰ ਦਾ ਰੈਸਟੋਰੈਂਟ ਗਿਫਟ ਕਾਰਡ ਜਿੱਤਣ ਦਾ ਮੌਕਾ ਹੈ। ਸ਼ਰਤਾਂ ਲਾਗੂ ਹਨ।

**ਭਾਵੇਂ ਤੁਹਾਡੇ ਕਿੰਨੇ ਵੀ ਅਕਾਊਂਟ ਹੋਣ ਤੁਸੀਂ ਸਿਰਫ਼ ਇੱਕ ਵਾਰ ਹੀ ਵੋਟ ਪਾ ਸਕਦੇ ਹੋ। ਸਿਰਫ ਇੱਕ ਛੋਟ ਹੈ, ਜੇ ਤੁਹਾਡੇ ਨਿੱਜੀ ਅਕਾਊਂਟ ਤੋਂ ਇਲਾਵਾ ਤੁਹਾਡਾ ਇੱਕ ਕਾਰਪੋਰੇਟ ਜਾਂ ਪਾਰਟਨਰਸ਼ਿੱਪ ਅਕਾਊਂਟ ਵੀ ਹੈ ਅਤੇ ਤੁਸੀਂ ਆਪਣੀ ਬਿਜ਼ਨਿਸ ਵੋਟ ਵਿੱਚ ਡੈਜ਼ੀਗਨੇਸ਼ਨ ਔਫ ਵੋਟਰ ਸੈਕਸ਼ਨ ਮੁਕੰਮਲ ਕੀਤਾ ਹੈ।

Vancity

# ਉਮੀਦਵਾਰਾਂ ਨੂੰ ਮਿਲੋ।

ਉਮੀਦਵਾਰਾਂ ਬਾਰੇ ਹੋਰ ਜਾਣਕਾਰੀ ਲੈਣ ਲਈ vancity.com/Election 'ਤੇ ਜਾਉ।

**ਸਿਫਾਰਿਸ਼ ਕੀਤੀ ਗਈ ਹੈ**



**1**

## Opreet Kang

ਬੋਰਡ ਡਾਇਰੈਕਟਰ, ਵੈਨਸਿਟੀ
ਡਾਇਰੈਕਟਰ ਬੀ ਸੀ ਹਾਈਡਰੋ
ਕੇ ਫਾਉਂਡਿੰਗ ਡਾਇਰੈਕਟਰ,
ਕੋਰ ਫਰਮ

32 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਮੇਰੇ ਕੋਲ ਹੈਲਥ ਕੇਅਰ (ਸਿਹਤ ਸੰਭਾਲ), ਯੂਟਿਲਟੀਜ਼, ਵਿੱਤੀ ਸੇਵਾਵਾਂ ਅਤੇ ਨੌਨ-ਪ੍ਰੌਫਿਟ ਖੇਤਰ ਵਿੱਚ ਸਟ੍ਰੈਟੀਜਕ ਲੀਡਰਸ਼ਿਪ, ਪ੍ਰਬੰਧ ਅਤੇ ਕਮਿਊਨਿਟੀ 'ਤੇ ਪ੍ਰਭਾਵ ਦੇ ਸੰਬੰਧ ਵਿੱਚ 25 ਸਾਲਾਂ ਤੋਂ ਵੱਧ ਸਮੇਂ ਦਾ ਤਜਰਬਾ ਹੈ। ਫਰੇਜ਼ਰ ਹੈਲਥ ਅਥਾਰਟੀ ਦੇ ਬੋਰਡ ਦੀ ਚੇਅਰ ਅਤੇ ਵੈਨਸਿਟੀ ਅਤੇ ਬੀ ਸੀ ਹਾਈਡਰੋ ਵਿਖੇ ਡਾਇਰੈਕਟਰ ਵਜੋਂ, ਮੈਂ ਲੱਖਾਂ ਲੋਕਾਂ ਨੂੰ ਸੇਵਾ ਦੇਣ ਵਾਲੀਆਂ ਜਟਿਲ ਸੰਸਥਾਵਾਂ 'ਤੇ ਨਿਗਰਾਨੀ ਪ੍ਰਦਾਨ ਕਰਦੀ ਹਾਂ। ਮੇਰਾ ਕੈਰੀਅਰ ਐਗਜ਼ੈਕਟਿਵ ਕੰਸਲਟਿੰਗ, ਪਬਲਿਕ ਸੈਕਟਰ ਲੀਡਰਸ਼ਿਪ, ਬੁਨਿਆਦੀ ਢਾਂਚੇ (ਇਨਫਰਾਸਟਰਕਚਰ) ਦੇ ਵੱਡੇ ਪ੍ਰੋਜੈਕਟਾਂ ਅਤੇ ਸਟ੍ਰੈਟੀਜਕ ਐਡਵਾਇਜ਼ਰੀ ਕੁਲੈਕਟਿਵ, ਕੋਰ ਫਰਮ ਦੀ ਸਹਿ-ਸਥਾਪਨਾ ਤੱਕ ਫੈਲਿਆ ਹੋਇਆ ਹੈ। ਨੌਜਵਾਨਾਂ ਲਈ ਸੇਵਾਵਾਂ ਤੋਂ ਲੈ ਕੇ ਸੱਭਿਆਚਾਰਕ ਸੰਸਥਾਵਾਂ ਤੱਕ ਕਮਿਊਨਿਟੀ ਦੇ ਉਦਮਾਂ ਵਿੱਚ ਡੂੰਘੀ ਸ਼ਮੂਲੀਅਤ ਨਾਲ, ਮੇਰੀ ਨਿਆਂ, ਸਮਾਜਕ ਇਨਸਾਫ ਅਤੇ ਸ਼ਮੂਲੀਅਤ ਵਾਲੀ ਤਰੱਕੀ (ਇਨਕਲੂਸਿਵ ਗਰੋਥ) ਪ੍ਰਤੀ ਲੰਬੇ ਸਮੇਂ ਦੀ ਵਚਨਬੱਧਤਾ ਹੈ। ਇਹ ਵਿਸ਼ਾਲ ਤਜਰਬਾ ਮੈਨੂੰ ਵੈਨਸਿਟੀ ਦੇ ਮੈਂਬਰਾਂ ਨੂੰ ਮਜ਼ਬੂਤ, ਕਦਰਾਂ-ਕੀਮਤਾਂ ਅਧਾਰਿਤ ਪ੍ਰਬੰਧ ਨਾਲ ਸੇਵਾ ਦੇਣ ਲਈ ਤਿਆਰ ਕਰਦਾ ਹੈ।

**ਉਮੀਦਵਾਰ ਦਾ ਬਿਆਨ:** ਮੈਂ 30 ਸਾਲਾਂ ਤੋਂ ਵੱਧ ਸਮੇਂ ਤੋਂ ਵੈਨਸਿਟੀ ਦੀ ਮੈਂਬਰ ਹਾਂ ਕਿਉਂਕਿ ਇਹ ਕੋਆਪਰੇਟਿਵਾਂ, ਜਲਵਾਯੂ ਬਾਰੇ ਕਾਰਵਾਈ (ਕਲਾਈਮੇਟ ਐਕਸ਼ਨ) ਅਤੇ ਕਮਿਊਨਿਟੀਆਂ ਪ੍ਰਤੀ ਵਚਨਬੱਧ ਹੈ। ਇਹ ਕਦਰਾਂ-ਕੀਮਤਾਂ ਮੇਰੇ ਕਰੀਅਰ ਨੂੰ ਵੀ ਸੇਧ ਦਿੰਦੀਆਂ ਰਹੀਆਂ ਹਨ, ਜਿਸ ਦੌਰਾਨ ਮੈਂ ਜਟਿਲ ਮਾਹੌਲਾਂ ਵਿੱਚ ਵੱਡੀਆਂ ਸੰਸਥਾਗਤ ਅਤੇ ਸੱਭਿਆਚਾਰਕ ਤਬਦੀਲੀਆਂ ਦੀ ਅਗਵਾਈ ਕੀਤੀ ਹੈ, ਜਿਸ ਵਿੱਚ ਸੰਸਥਾਵਾਂ ਦੀ ਉਭਰ ਰਹੀ ਡਿਜੀਟਲ ਅਤੇ ਤਕਨੀਕੀ ਤਬਦੀਲੀ ਅਨੁਸਾਰ ਢਲਣ ਵਿੱਚ ਮਦਦ ਕਰਨਾ ਵੀ ਸ਼ਾਮਲ ਹੈ। ਇੱਕ ਨਿਰਣਾਇਕ ਸਮੇਂ ਦੌਰਾਨ ਵੈਨਸਿਟੀ ਬੋਰਡ 'ਤੇ ਆਪਣੀ ਪਹਿਲੀ ਮਿਆਦ ਦੌਰਾਨ ਸੇਵਾ ਕਰਨਾ ਮੇਰੇ ਲਈ ਮਾਣ ਵਾਲੀ ਗੱਲ ਹੈ, ਜਿਸ ਵਿੱਚ ਕ੍ਰੈਡਿਟ ਯੂਨੀਅਨ ਦੀ ਮਜ਼ਬੂਤੀ, ਸਸਟੇਨੇਬਿਲਟੀ (ਕਾਇਮ ਰਹਿਣ ਯੋਗਤਾ) ਅਤੇ ਅਸਰ ਪਾਉਣ ਵਾਲੀ (ਇੰਪੈਕਟ) ਲੀਡਰਸ਼ਿਪ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਇਸ ਦਾ ਆਧਾਰ 25 ਸਾਲਾਂ ਦਾ ਪ੍ਰਬੰਧਕੀ, ਵਿੱਤੀ ਅਤੇ ਐਗਜ਼ੈਕਟਿਵ ਤਜਰਬਾ ਹੈ, ਜਿਸ ਵਿੱਚ ਫਰੇਜ਼ਰ ਹੈਲਥ ਅਥਾਰਟੀ ਬੋਰਡ ਦੀ ਚੇਅਰ ਅਤੇ ਬੀ ਸੀ ਹਾਈਡਰੋ ਦੇ ਡਾਇਰੈਕਟਰ ਹੋਣ ਦੀਆਂ ਭੂਮਿਕਾਵਾਂ ਸ਼ਾਮਲ ਹਨ।

ਅੱਜ ਜਦੋਂ ਅਸੀਂ ਮਹੱਤਵਪੂਰਨ ਸਮਾਜਕ, ਆਰਥਿਕ ਅਤੇ ਵਾਤਾਵਰਨਕ ਸੰਕਟਾਂ ਦਾ ਸਾਹਮਣਾ ਕਰ ਰਹੇ ਹਾਂ, ਉਸ ਸਮੇਂ ਮੈਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਵੈਨਸਿਟੀ ਆਪਣੀਆਂ ਕਦਰਾਂ-ਕੀਮਤਾਂ ਨਾਲ ਅਗਵਾਈ ਕਰੇ ਜਿਹਨਾਂ ਵਿੱਚ ਨਿਆਂ ਅਤੇ ਸੁਲਹ, ਜਲਵਾਯੂ ਬਾਰੇ ਕਾਰਵਾਈ (ਕਲਾਈਮੇਟ ਐਕਸ਼ਨ) ਅਤੇ ਮੈਂਬਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਨਵੀਨ ਸੰਦਾਂ ਨੂੰ ਅੱਗੇ ਵਧਾਉਣਾ ਸ਼ਾਮਲ ਹੈ।

ਤੁਹਾਡੇ ਸਮਰਥਨ ਨਾਲ, ਮੈਂ ਵੈਨਸਿਟੀ ਦੀ ਵਿੱਤੀ ਨੀਂਹ ਨੂੰ ਮਜ਼ਬੂਤ ਕਰਨਾ ਜਾਰੀ ਰੱਖਾਂਗੀ ਤਾਂ ਜੋ ਸਾਰਿਆਂ ਲਈ ਸਿਹਤਮੰਦ, ਜੀਵੰਤ ਅਤੇ ਨਿਆਂ-ਭਰਪੂਰ ਕਮਿਊਨਿਟੀਆਂ ਦਾ ਵਿਕਾਸ ਹੋ ਸਕੇ।

**ਵੈੱਬਸਾਈਟ** opreetkang.com
**ਲਿੰਕਡਿਨ** www.linkedin.com/in/opreetkang
**X** @OpreetKang

---



**2**

## Parminder Virk

ਇੰਡੀਪੈਂਡਿੰਟ ਕਨਸਲਟੈਂਟ
ਫੌਰਮਰ ਟੈਕ ਐਗਜ਼ੈਕਟਿਵ
(CEO, COO, CTO, VP)
ਡਿਜੀਟਲ ਟ੍ਰਾਂਸਫੌਰਮੇਸ਼ਨ
ਐਸ ਏ ਏ ਐਸ ਐਂਡ ਕੰਪਲਾਇੰਸ
ਪਾਸਟ ਪੀ. ਇੰਜਨੀਅਰਿੰਗ, ਬੀ ਐੱਸ
ਸੀ ਇਲੈਕਟ੍ਰੀਕਲ ਐਂਡ ਇਲੈਕਟ੍ਰੌਨਿਕ
ਇੰਜਨੀਅਰਿੰਗ

19 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਮੈਂ ਤਕਨਾਲੋਜੀ, ਸਟ੍ਰੈਟਜੀ ਅਤੇ ਪ੍ਰਬੰਧ ਨਾਲ ਅੰਤਰ-ਸੰਬੰਧਿਤ ਖੇਤਰ ਵਿੱਚ ਆਪਣਾ ਕੈਰੀਅਰ ਬਣਾਇਆ ਹੈ, ਜਿਸ ਵਿੱਚ ਮੈਂ ਸਟਾਰਟਅੱਪਸ, ਪਬਲਿਕ ਕੰਪਨੀਆਂ ਅਤੇ ਗਤੀਸ਼ੀਲ ਕਾਰੋਬਾਰਾਂ (ਡਾਇਨੈਮਕ ਇੰਟਰਪ੍ਰਾਈਜ਼ਜ਼) ਵਿੱਚ ਐਗਜ਼ੈਕਟਿਵ ਦੀਆਂ ਭੂਮਿਕਾਵਾਂ ਨਿਭਾਈਆਂ ਹਨ। ਮੈਂ ਕਾਰਪੋਰੇਟ ਸਟ੍ਰੈਟਜੀ ਦੀ ਅਗਵਾਈ ਕੀਤੀ ਹੈ, ਕਰੋੜਾਂ ਡਾਲਰਾਂ ਦੇ ਪੀ ਐਂਡ ਐਲਜ਼ (ਲਾਭਾਂ-ਨੁਕਸਾਨਾਂ) ਦਾ ਪ੍ਰਬੰਧ ਕੀਤਾ ਹੈ ਅਤੇ ਸੰਸਥਾਵਾਂ ਨੂੰ ਮਰਜ਼ਰਜ਼, ਐਕੁਇਜ਼ੀਸ਼ਨਜ਼ ਅਤੇ ਗਲੋਬਲ ਪੱਧਰ 'ਤੇ ਟੀਮ ਬਣਾਉਣ ਦੇ ਕਾਰਜ ਦੌਰਾਨ ਸੇਧ ਦਿੱਤੀ ਹੈ। ਮੇਰਾ ਕੰਸਲਟਿੰਗ ਦਾ ਕੰਮ ਡਿਜੀਟਲ ਇਨੋਵੇਸ਼ਨ, ਐੱਸ ਏ ਏ ਐੱਸ (ਸੌਫਟਵੇਅਰ ਐਜ਼ ਏ ਸਰਵਿਸ) ਅਤੇ ਕੰਮਾਂਕਾਜਾਂ ਦੀ ਆਟੋਮੇਸ਼ਨ ਉੱਤੇ ਕੇਂਦਰਿਤ ਹੈ— ਤਬਦੀਲੀ ਨੂੰ ਸਪਸ਼ਟਤਾ ਅਤੇ ਮਜ਼ਬੂਤੀ ਨਾਲ ਅਪਨਾਉਣ ਵਿੱਚ ਸੰਸਥਾਵਾਂ ਦੀ ਮਦਦ ਕਰਨ ਉੱਤੇ ਕੇਂਦਰਿਤ। ਵਪਾਰ ਤੋਂ ਇਲਾਵਾ, ਮੈਂ ਐਵਰਗਰੀਨ ਸੀਨੀਅਰ ਕੇਅਰ ਅਤੇ ਸਰੀ ਪੁਲੀਸ ਸਰਵਿਸਜ਼ ਨਾਲ ਲੀਡਰਸ਼ਿਪ ਦੀ ਪੱਧਰ 'ਤੇ ਵਾਲੰਟੀਅਰ ਵਜੋਂ ਕੰਮ ਕਰਕੇ ਨਾਗਰਿਕ ਜੀਵਨ ਵਿੱਚ ਯੋਗਦਾਨ ਪਾਉਂਦਾ ਹਾਂ, ਜਿਸ ਨਾਲ ਜਵਾਬਦੇਹੀ ਅਤੇ ਸ਼ਮੂਲੀਅਤ ਮਜ਼ਬੂਤ ਹੁੰਦੀ ਹੈ। ਇਹ ਸਾਰੇ ਤਜਰਬੇ ਮਿਲ ਕੇ ਮੈਨੂੰ ਵੈਨਸਿਟੀ ਦੀ ਦੂਰ-ਦ੍ਰਿਸ਼ਟੀ ਅਤੇ ਅਨੁਸ਼ਾਸਨ ਨਾਲ ਸੇਵਾ ਕਰਨ ਦੇ ਯੋਗ ਬਣਾਉਂਦੇ ਹਨ।

**ਉਮੀਦਵਾਰ ਦਾ ਬਿਆਨ:** ਮੇਰਾ ਐਗਜ਼ੈਕਟਿਵ ਲੀਡਰਸ਼ਿਪ ਅਤੇ ਕਮਿਊਨਿਟੀ ਸੇਵਾ ਦਾ ਪ੍ਰਮਾਣਤ ਰਿਕਾਰਡ ਹੈ, ਜੋ ਮੈਨੂੰ ਡਾਇਰੈਕਟਰ ਵਜੋਂ ਸੇਵਾ ਕਰਨ ਲਈ ਵਿਲੱਖਣਤਾ ਪ੍ਰਦਾਨ ਕਰਦਾ ਹੈ। ਆਪਣੇ ਕੈਰੀਅਰ ਦੌਰਾਨ, ਮੈਂ ਸਟਾਰਟਅੱਪਸ, ਪਬਲਿਕ ਕੰਪਨੀਆਂ ਅਤੇ ਹਾਈ ਗ੍ਰੋਥ ਵਾਲੇ ਵੈਂਚਰਾਂ ਵਿੱਚ ਉੱਚ ਪੱਧਰ ਦੇ ਐਗਜ਼ੈਕਟਿਵਾਂ ਦੇ ਅਹੁਦਿਆਂ 'ਤੇ ਰਿਹਾ ਹਾਂ—ਕਾਰਪੋਰੇਟ ਸਟ੍ਰੈਟਜੀ ਦੀ ਅਗਵਾਈ ਕੀਤੀ ਹੈ, ਕਰੋੜਾਂ ਡਾਲਰਾਂ ਦੇ ਨਿਵੇਸ਼ ਸੁਰੱਖਿਅਤ ਕੀਤੇ ਹਨ ਅਤੇ ਉਪਰੇਸ਼ਨਲ ਟਰਾਂਸਫਰਮੇਸ਼ਨ ਨੂੰ ਅੱਗੇ ਵਧਾਇਆ ਹੈ। ਗਲੋਬਲ ਪੱਧਰ 'ਤੇ ਟੀਮ ਬਣਾਉਣ ਦੇ ਕਾਰਜ ਵਿੱਚ ਮੇਰੀ ਮੁਹਾਰਤ ਨੇ ਨਿਰੰਤਰ ਤੱਰਕੀ, ਕਾਰਗਰਤਾ ਅਤੇ ਨਵੀਨਤਾ ਪ੍ਰਦਾਨ ਕੀਤੀ ਹੈ। ਇਸ ਜਿੰਨੀ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਮੈਂ ਕਮਿਊਨਿਟੀ 'ਤੇ ਅਸਰ ਪ੍ਰਤੀ ਡੂੰਘੀ ਵਚਨਬੱਧਤਾ ਰੱਖਦਾ ਹਾਂ। ਐਵਰਗਰੀਨ ਸੀਨੀਅਰ ਕੇਅਰ ਅਤੇ ਸਰੀ ਪੁਲਿਸ ਸਰਵਿਸਿਜ਼ ਨਾਲ ਲੀਡਰਸ਼ਿੱਪ ਦੀ ਪੱਧਰ 'ਤੇ ਵਾਲੰਟੀਅਰ ਵਜੋਂ ਕੰਮ ਕਰਕੇ, ਮੈਂ ਪ੍ਰਬੰਧ, ਜਵਾਬਦੇਹੀ ਅਤੇ ਸ਼ਮੂਲੀਅਤ ਨੂੰ ਮਜ਼ਬੂਤ ਕੀਤਾ ਹੈ। ਇਹ ਤਜਰਬੇ ਮੇਰੇ ਇਸ ਵਿਸ਼ਵਾਸ ਦੀ ਪੁਸ਼ਟੀ ਕਰਦੇ ਹਨ ਕਿ ਮਜ਼ਬੂਤ ਬੋਰਡ ਅਮਾਨਤੀ ਜ਼ਿੰਮੇਵਾਰੀ (ਫਿਡੂਸ਼ੀਅਰੀ ਰਿਸਪੌਂਸੀਬਿਲਟੀ) ਨੂੰ ਸਮਾਜਕ ਉਦੇਸ਼ ਨਾਲ ਸੰਤੁਲਿਤ ਰੱਖਦੇ ਹਨ। ਅੱਜ ਦੇ ਵਾਤਾਵਰਨ ਵਿੱਚ, ਡਿਜੀਟਲ ਟਰਾਂਸਫਰਮੇਸ਼ਨ ਤੋਂ ਬਚਿਆ ਨਹੀਂ ਜਾ ਸਕਦਾ—ਇਹ ਜ਼ਰੂਰੀ ਹੈ। ਬੋਰਡਾਂ ਨੂੰ ਡਿਜੀਟਲ ਤੌਰ 'ਤੇ ਜਾਣਕਾਰ, ਉਪਰੇਸ਼ਨਲ ਤੌਰ 'ਤੇ ਜਾਗਰੂਕ, ਨਤੀਜਾ-ਅਧਾਰਿਤ ਅਤੇ ਨਵੀਆਂ ਸਥਿਤੀਆਂ ਅਨੁਸਾਰ ਢਲਣਹਾਰ ਬਣਨਾ ਪਵੇਗਾ। ਤਕਨਾਲੋਜੀ ਅਪਨਾਉਣ, ਕੰਪਲਾਇੰਸ ਅਤੇ ਵਰਕਫਲੋ ਆਪਟੀਮਾਈਜ਼ੇਸ਼ਨ ਦੌਰਾਨ ਸੰਸਥਾਵਾਂ ਦੀ ਅਗਵਾਈ ਕਰਨ ਦਾ ਮੇਰਾ ਤਜਰਬਾ ਮੈਨੂੰ ਵੈਨਸਿਟੀ ਦੀ ਅਨੁਸ਼ਾਸਿਤ ਦੂਰ-ਦ੍ਰਿਸ਼ਟੀ ਨਾਲ ਸੇਵਾ ਕਰਨ ਦੇ ਸਮਰੱਥ ਬਣਾਉਂਦਾ ਹੈ।

**ਲਿੰਕਡਿਨ** www.linkedin.com/in/parmyvirk

---

**ਸਿਫਾਰਿਸ਼ ਕੀਤੀ ਗਈ ਹੈ**



**3**

## Heather O'Hara

ਬੋਰਡ ਡਾਇਰੈਕਟਰ, ਵੈਨਸਿਟੀ,
ਬੋਰਡ ਡਾਇਰੈਕਟਰ, ਵੀ ਸੀ ਆਈ ਬੀ,
ਡਾਇਰੈਕਟਰ, ਵੈਨਸਿਟੀ ਕਮਿਊਨਿਟੀ
ਫਾਉਂਡੇਸ਼ਨ
ਐਗਜ਼ੈਕਟਿਵ ਡਾਇਰੈਕਟਰ, ਬੀ ਸੀ
ਐਸੋਸੀਏਸ਼ਨ ਆਫ ਫਾਰਮਰਜ਼ ਮਾਰਕੀਟਸ

20 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਵੈਨਸਿਟੀ ਬੋਰਡ ਦੀ ਮੌਜੂਦਾ ਡਾਇਰੈਕਟਰ ਵਜੋਂ, ਮੈਨੂੰ ਆਪਣੇ ਸਾਰੇ ਵਰਗਾਂ ਅਤੇ ਜੀਵਨ ਤਜਰਬਿਆਂ ਵਾਲੇ ਮੈਂਬਰਾਂ ਦੀ ਸੇਵਾ ਕਰਨ ਦਾ ਮਾਣ ਹੈ। ਨੌਨ-ਪ੍ਰੌਫਿਟ ਸੈਕਟਰ ਵਿੱਚ 20 ਸਾਲਾਂ ਤੋਂ ਐਗਜ਼ੈਕਟਿਵ ਡਾਇਰੈਕਟਰ ਹੁੰਦਿਆਂ, ਮੈਂ ਆਪਣੀ ਪੇਸ਼ਾਵਰ ਜ਼ਿੰਦਗੀ ਨੂੰ ਆਪਣੀਆਂ ਕਮਿਊਨਿਟੀਆਂ ਨੂੰ ਮਜ਼ਬੂਤ ਕਰਨ ਲਈ ਸਮਰਪਿਤ ਕੀਤਾ ਹੈ। ਮੇਰੀ ਅਗਵਾਈ ਹੇਠ, ਬੀ ਸੀ ਫਾਰਮਰਜ਼ ਮਾਰਕੀਟਸ ਬੀ ਸੀ ਦੇ ਸਾਰੇ ਖੇਤਰਾਂ ਵਿੱਚ ਉੱਦਮੀਆਂ ਅਤੇ ਸਥਾਨਕ ਆਰਥਿਕਤਾਵਾਂ ਦਾ ਸਮਰਥਨ ਕਰਦਿਆਂ ਡੂੰਘਾ ਅਸਰ ਪਾ ਰਿਹਾ ਹੈ। ਮੈਂ ਐੱਮ ਬੀ ਏ ਗ੍ਰੈਜੂਏਟ ਹਾਂ ਅਤੇ ਮੇਰੇ ਕੋਲ ਪ੍ਰਬੰਧਕੀ ਖੇਤਰ ਵਿੱਚ ਕਈ ਤਰ੍ਹਾਂ ਦਾ ਤਜਰਬਾ ਹੈ, ਜਿਸ ਵਿੱਚ ਵੈਨਸਿਟੀ ਦੀ ਆਡਿਟ ਕਮੇਟੀ ਦੀ ਚੇਅਰ, ਗਲੋਬਲ ਅਲਾਇੰਸ ਫਾਰ ਬੈਂਕਿੰਗ ਔਨ ਵੈਲਿਊਜ਼ ਗਵਰਨੈਂਸ ਅਕੈਡਮੀ, ਆਈ ਸੀ ਡੀ ਅਤੇ ਵੈਨਕੂਵਰ ਦੀ ਡਾਊਨਟਾਊਨ ਈਸਟਸਾਈਡ ਵਿੱਚ ਸਮਾਜਕ ਨਵੀਨਤਾ ਲਈ ਜਾਣੀ ਜਾਂਦੀ ਐੱਚ ਐਕਸ ਬੀ ਆਈ ਏ ਦੀ ਬਾਨੀ ਚੇਅਰ ਹੋਣਾ ਸ਼ਾਮਲ ਹੈ।

**ਉਮੀਦਵਾਰ ਦਾ ਬਿਆਨ:** ਵੈਨਸਿਟੀ ਵਿਲੱਖਣ ਹੈ, ਕਮਿਊਨਿਟੀ ਨਾਲ ਜੁੜੀਆਂ ਕਦਰਾਂ-ਕੀਮਤਾਂ 'ਤੇ ਅਧਾਰਤ ਸੰਭਾਵਨਾਵਾਂ ਨੂੰ ਅਪਣਾਉਂਦੀ ਹੈ। ਜ਼ਿੰਦਗੀ ਭਰ ਕ੍ਰੈਡਿਟ ਯੂਨੀਅਨ ਦੀ ਮੈਂਬਰ ਅਤੇ ਵੈਨਸਿਟੀ ਦੇ ਬੋਰਡ ਦੀ ਮੌਜੂਦਾ ਡਾਇਰੈਕਟਰ ਹੁੰਦਿਆਂ, ਮੈਂ ਭਵਿੱਖ ਦੀਆਂ ਪੀੜ੍ਹੀਆਂ ਲਈ ਇਕ ਮਜ਼ਬੂਤ ਅਤੇ ਲਚਕੀਲੀ ਵਿੱਤੀ ਸੰਸਥਾ ਨੂੰ ਅੱਗੇ ਵਧਾਉਂਦਿਆਂ ਲੋਕਾਂ, ਪ੍ਰੋਜੈਕਟਾਂ, ਵਪਾਰ ਅਤੇ ਨੌਨ-ਪ੍ਰੌਫਿਟਸ ਵਿੱਚ ਅਸਰ ਅਤੇ ਨਿਵੇਸ਼ ਦੀ ਇਸ ਵਚਨਬੱਧਤਾ ਨੂੰ ਮਹਿਸੂਸ ਕੀਤਾ ਹੈ। ਬੀ ਸੀ ਵਿੱਚ 145 ਤੋਂ ਵੱਧ ਫਾਰਮਰਜ਼ ਮਾਰਕੀਟਾਂ ਅਤੇ 6000 ਤੋਂ ਵੱਧ ਉੱਦਮੀਆਂ ਦੀ ਨੁਮਾਇੰਦਗੀ ਕਰਨ ਵਾਲੇ ਬੀ ਸੀ ਫਾਰਮਰਜ਼ ਮਾਰਕੀਟਸ ਦੀ ਮੌਜੂਦਾ ਐਗਜ਼ੈਕਟਿਵ ਡਾਇਰੈਕਟਰ ਅਤੇ ਉਸ ਤੋਂ ਪਹਿਲਾਂ ਡਾਊਨਟਾਊਨ ਈਸਟ ਸਾਈਡ ਵਿੱਚ ਨੌਕਰੀਆਂ ਅਤੇ ਸਿਹਤਮੰਦ ਖਾਣਾ ਪੈਦਾ ਕਰਨ ਵਾਲੀ ਪੌਟਲੱਕ ਕੈਫੇ ਸੁਸਾਇਟੀ ਦੀ ਐਗਜ਼ੇਕਟਿਵ ਡਾਇਰੈਕਟਰ ਹੋਣ ਵਜੋਂ ਮੇਰੇ ਕੋਲ ਕਮਿਊਨਿਟੀਆਂ ਅਤੇ ਸਥਾਨਕ ਆਰਥਿਕਤਾਵਾਂ ਨੂੰ ਮਜ਼ਬੂਤ ਕਰਨ ਵਿੱਚ ਨੌਨ-ਪ੍ਰੌਫਿਟ ਸੈਕਟਰ ਵਿੱਚ ਲੀਡਰਸ਼ਿਪ ਦਾ 20 ਸਾਲਾਂ ਦਾ ਤਜਰਬਾ ਹੈ। ਮੈਂ ਵੈਨਸਿਟੀ ਮੈਂਬਰਾਂ ਲਈ ਮਹੱਤਵਪੂਰਨ ਮੁੱਦਿਆਂ ਪ੍ਰਤੀ ਡੂੰਘੀ ਤਰ੍ਹਾਂ ਵਚਨਬੱਧ ਹਾਂ, ਜਿਹਨਾਂ ਵਿੱਚ ਅਫੋਰਡੇਬਲ ਹਾਊਸਿੰਗ, ਨਿਆਂ ਅਤੇ ਵਿੱਤੀ ਸ਼ਮੂਲੀਅਤ, ਮਾਨਸਿਕ ਸਿਹਤ, ਖਾਣੇ ਦੀ ਸੁਰੱਖਿਆ ਅਤੇ ਜਲਵਾਯੂ ਬਾਰੇ ਕਾਰਵਾਈ (ਕਲਾਈਮੇਟ ਐਕਸ਼ਨ)ਸ਼ਾਮਲ ਹਨ। ਮੂਲਵਾਸੀ ਲੋਕਾਂ ਨਾਲ ਸੁਲਹ ਲਈ ਕਾਰਵਾਈ ਪ੍ਰਤੀ ਆਪਣੀ ਨਿੱਜੀ ਵਚਨਬੱਧਤਾ ਦੇ ਨਾਲ ਨਾਲ ਮੈਂ ਸਾਰੇ ਲੋਕਾਂ ਨਾਲ ਸਿਹਤਮੰਦ, ਪਰਸਪਰ ਸੰਬੰਧਾਂ ਵਿੱਚ ਵਿਸ਼ਵਾਸ ਰੱਖਦੀ ਹਾਂ। ਮੈਂ ਐੱਮ ਬੀ ਏ ਗ੍ਰੈਜੂਏਟ ਹਾਂ ਅਤੇ ਮੇਰੇ ਕੋਲ ਪ੍ਰਬੰਧਕੀ ਖੇਤਰ ਵਿੱਚ ਕਈ ਤਰ੍ਹਾਂ ਦਾ ਤਜਰਬਾ ਹੈ, ਜਿਸ ਵਿੱਚ ਵੈਨਸਿਟੀ ਦੀ ਆਡਿਟ ਕਮੇਟੀ ਦੀ ਚੇਅਰ ਹੋਣਾ, ਆਈ ਸੀ ਡੀ+ (ICD+) ਸ਼ਾਮਲ ਹੈ।

**ਲਿੰਕਡਿਨ** www.linkedin.com/in/oharaheather/

**ਸਿਫਾਰਿਸ਼ ਕੀਤੀ ਗਈ ਹੈ**



4

## Christie Stephenson

ਵੈਨਸਿਟੀ ਦੇ ਬੋਰਡ ਦੀ ਵਾਈਸ ਚੇਅਰ

ਯੂ ਬੀ ਸੀ ਦੇ ਸਾਡਰ ਢਿੱਲੋਂ ਸੈਂਟਰ ਫਾਰ ਬਿਜ਼ਨਿਸ ਐਥਿਕਸ ਸਰਟੀਫਾਈਡ ਡਾਇਰੈਕਟਰ (ਆਈ ਸੀ ਡੀ. ਡੀ- ICD.D) ਦੀ ਐਗਜ਼ੈਕਟਿਵ ਡਾਇਰੈਕਟਰ

15 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਵੈਨਸਿਟੀ ਬੋਰਡ ਦੀ ਡਾਇਰੈਕਟਰ ਅਤੇ ਵਾਈਸ ਚੇਅਰ ਹੋਣ ਤੋਂ ਇਲਾਵਾ, ਮੇਰੇ ਕੋਲ ਦੋ ਦਹਾਕਿਆਂ ਦਾ ਵੱਖ ਵੱਖ ਤਰ੍ਹਾਂ ਦਾ ਪ੍ਰਬੰਧਕੀ ਤਜਰਬਾ ਹੈ। ਮੈਂ ਨੌਨ-ਪ੍ਰੌਫਿਟ ਸੰਸਥਾਵਾਂ, ਯੂਨੀਵਰਸਿਟੀ ਸੈਨੇਟਾਂ, ਪੈਨਸ਼ਨ ਪਲੈਨਾਂ, ਵੈਲਿਊਜ਼-ਡਰਿਵਨ ਪ੍ਰਾਈਵੇਟ ਕੰਪਨੀਆਂ ਅਤੇ ਕਈ ਕੋਆਪਰੇਟਿਵਾਂ (ਜਿਨ੍ਹਾਂ ਵਿੱਚ ਸੈਂਟਰਲ 1 ਅਤੇ ਦੀ ਕੋਆਪਰੇਟਰਜ਼ ਵੀ ਸ਼ਾਮਲ ਹਨ) ਦੇ ਬੋਰਡਾਂ ਵਿੱਚ ਸੇਵਾ ਨਿਭਾਈ ਹੈ।

ਮੇਰਾ 25 ਸਾਲਾਂ ਦਾ ਕੈਰੀਅਰ ਵਪਾਰ ਅਤੇ ਪ੍ਰੋਗਰੈਸਿਵ ਕਦਰਾਂ-ਕੀਮਤਾਂ ਨਾਲ ਅੰਤਰ-ਸੰਬੰਧਿਤ ਹੈ—ਆਮ ਅਤੇ ਖਾਸ ਤੌਰ 'ਤੇ ਜ਼ਿੰਮੇਵਾਰੀ ਅਤੇ ਅਸਰ ਪਾਊ ਨਿਵੇਸ਼ (ਇੰਪੈਕਟ ਇਨਵੈਸਟਿੰਗ) ਨਾਲ ਸਬੰਧਤ। ਪਿਛਲੇ ਦਸ ਸਾਲਾਂ ਤੋਂ, ਮੈਂ ਯੂ ਬੀ ਸੀ ਦੇ ਸਾਡਰ ਢਿੱਲੋਂ ਸੈਂਟਰ ਫਾਰ ਬਿਜ਼ਨਿਸ ਐਥਿਕਸ ਦੀ ਐਗਜ਼ੈਕਟਿਵ ਡਾਇਰੈਕਟਰ ਹਾਂ ਅਤੇ ਲੰਬੇ ਸਮੇਂ ਤੋਂ ਲੇਬਰ ਦੇ ਨਾਲ ਨਾਲ ਸਮਾਜਕ ਅਤੇ ਵਾਤਾਵਰਨ ਵੱਲ ਕੇਂਦਰਿਤ ਸੰਸਥਾਵਾਂ ਵਿੱਚ ਸਰਗਰਮ ਰਹੀ ਹਾਂ।

**ਉਮੀਦਵਾਰ ਦਾ ਬਿਆਨ:** ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਵਾਂਗ, ਮੈਂ ਵੈਨਸਿਟੀ ਦੀ ਸਫਲਤਾ ਦੀ ਬਹੁਤ ਜ਼ਿਆਦਾ ਇੱਛਕ ਹਾਂ - ਇੱਕ ਬੈਂਕਿੰਗ ਸਥਾਨ ਵਜੋਂ, ਭਾਈਚਾਰੇ ਦੇ ਭਾਈਵਾਲ ਵਜੋਂ, ਇਕ ਅਜਿਹੀ ਥਾਂ ਵਜੋਂ ਜਿੱਥੇ ਵਧੀਆ ਲੋਕ ਕੰਮ ਕਰਦੇ ਹਨ, ਅਤੇ ਇਕ ਅਜਿਹੇ ਵਪਾਰਕ ਮਾਡਲ ਵਜੋਂ ਜੋ ਵਾਤਾਵਰਨਕ, ਸਮਾਜਕ ਅਤੇ ਸਹਿਕਾਰੀ ਕਦਰਾਂ-ਕੀਮਤਾਂ ਨੂੰ ਅਪਣਾਅ ਕੇ ਤਰੱਕੀ ਕਰ ਸਕਦਾ ਹੈ।

ਜਲਵਾਯੂ ਵਿੱਚ ਤਬਦੀਲੀ ਸਾਡੇ ਗ੍ਰਹਿ (ਪਲੈਨਟ) ਨੂੰ ਜ਼ਿਆਦਾ ਖਤਰੇ ਵਿੱਚ ਪਾ ਰਹੀ ਹੈ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਵਿਘਨ ਪਾ ਰਹੀ ਹੈ। ਵਿਅਕਤੀਆਂ ਅਤੇ ਭਾਈਚਾਰਿਆਂ ਉੱਤੇ ਸਮਾਜਕ ਅਤੇ ਆਰਥਕ ਦਬਾਅ ਤੇਜ਼ੀ ਨਾਲ ਵਧ ਰਹੇ ਹਨ। ਸੰਸਥਾਵਾਂ ਬਸਤੀਵਾਦ ਦੀ ਵਿਰਾਸਤ ਨਾਲ ਨਿਪਟ ਰਹੀਆਂ ਹਨ ਅਤੇ ਸੁਲਹ (ਰੀਕਨਸੀਲੀਏਸ਼ਨ) ਨੂੰ ਅੱਗੇ ਵਧਾ ਰਹੀਆਂ ਹਨ। ਤਕਨਾਲੋਜੀਕਲ ਤਬਦੀਲੀ ਦੀ ਰਫ਼ਤਾਰ ਸਾਰਿਆਂ ਉੱਤੇ ਡੂੰਘਾ ਅਸਰ ਪਾ ਰਹੀ ਹੈ। ਇਹ ਸਾਰੀਆਂ ਤਾਕਤਾਂ ਵੈਨਸਿਟੀ, ਸਾਡੀਆਂ ਕਮਿਊਨਿਟੀਆਂ ਅਤੇ ਸਾਡੇ ਮੈਂਬਰਾਂ ਲਈ ਖਤਰੇ ਅਤੇ ਮੌਕੇ ਪੇਸ਼ ਕਰਦੀਆਂ ਹਨ।

ਮੈਂ ਵੈਨਸਿਟੀ ਬੋਰਡ ਲਈ ਤੀਜੀ ਮਿਆਦ ਲਈ ਉਮੀਦਵਾਰ ਹਾਂ ਕਿਉਂਕਿ ਮੈਂ ਵਿਸ਼ਵਾਸ ਕਰਦੀ ਹਾਂ ਕਿ ਸਹਿਯੋਗ, ਵੰਨਸੁਵੰਨਤਾ, ਸ਼ਮੂਲੀਅਤ, ਸਸਟੇਨੇਬਿਲਟੀ (ਕਾਇਮ ਰਹਿਣ ਯੋਗਤਾ) ਅਤੇ ਸੁਲਹ (ਰੀਕਨਸੀਲੀਏਸ਼ਨ) ਪ੍ਰਤੀ ਵਚਨਬੱਧਤਾ ਰੱਖਣ ਵਾਲੇ ਕਾਰੋਬਾਰ ਉਸ ਤਰ੍ਹਾਂ ਦੀ ਆਰਥਕਤਾ ਅਤੇ ਦੁਨੀਆ ਬਣਾਉਣ ਲਈ ਜ਼ਰੂਰੀ ਹਨ ਜਿੱਥੇ ਅਸੀਂ ਸਾਰੇ ਖੁਸ਼ਹਾਲ ਹੋ ਸਕੀਏ। ਮੈਂ ਉਮੀਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਕੰਮ ਨੂੰ ਜਾਰੀ ਰੱਖਣ ਲਈ ਆਪਣਾ ਸਮਰਥਨ ਦਿਓਗੇ।

**ਈਮੇਲ** christiestephenson2020@outlook.com

**ਲਿੰਕਡਿਨ** www.linkedin.com/in/christiestephenson

---



5

## Brett Collins

7 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਮੈਂ ਕਿੱਤੇ ਵਜੋਂ ਇੱਕ ਡਾਟਾ ਅਤੇ ਡਿਜੀਟਲ ਪ੍ਰੋਫੈਸ਼ਨਲ ਹਾਂ, ਜਿਸ ਵਿੱਚ ਮੈਂ ਡਾਟਾ-ਅਧਾਰਤ ਫੈਸਲੇ ਲੈਣ ਲਈ ਡਿਜੀਟਲ ਬੁਨਿਆਦੀ ਢਾਂਚੇ ਦਾ ਪ੍ਰਬੰਧ ਅਤੇ ਨਿਰਮਾਣ ਕਰਦਾ ਹਾਂ। ਮੇਰਾ ਕਮਿਊਨਿਟੀ ਦਾ ਕੰਮ ਪ੍ਰਬੰਧ ਅਤੇ ਸ਼ਮੂਲੀਅਤ ਵਾਲੇ ਸਮਰਥਨ 'ਤੇ ਕੇਂਦਰਿਤ ਹੈ, ਜਿਸ ਵਿੱਚ ਅੱਗੇ ਦਿੱਤੇ ਅਹੁਦਿਆਂ `ਤੇ ਕੰਮ ਕਰਨਾ ਸ਼ਾਮਲ ਹੈ: ਬੀ ਸੀ ਕਾਲਜ ਆਫ਼ ਓਰਲ ਹੈਲਥ ਪ੍ਰੋਫੈਸ਼ਨਲਜ਼ ਦੀ ਕੁਆਲਿਟੀ ਅਸ਼ੋਰੈਂਸ ਕਮੇਟੀ ਦਾ ਮੌਜੂਦਾ ਕੋ-ਚੇਅਰ, ਆਪਣੀ ਯੂਨੀਅਨ ਦੀ ਲੋਕਲ ਦਾ ਟਰੱਸਟੀ (ਆਡਿਟਿੰਗ), ਬੀ ਸੀ ਐਨ ਡੀ ਪੀ ਦੇ ਸੋਜੀ (SOGI) ਕਾਕਸ ਦਾ ਸਾਬਕਾ ਕੋ-ਚੇਅਰ (ਅਤੇ ਇਸ ਲਈ ਬੀ ਸੀ ਐਨ ਡੀ ਪੀ ਦੀ ਐਗਜ਼ੈਕਟਿਵ ਦਾ ਮੈਂਬਰ), ਟ੍ਰਾਈ-ਸਿਟੀਜ਼ ਪ੍ਰਾਈਡ ਸੁਸਾਇਟੀ ਦਾ ਸਾਬਕਾ ਪ੍ਰਧਾਨ ਅਤੇ ਸਾਬਕਾ ਖਜ਼ਾਨਚੀ ਅਤੇ ਬੀ ਸੀ ਐਨ ਡੀ ਪੀ ਦੇ ਇੱਕ ਹਲਕੇ ਦਾ ਸਾਬਕਾ ਪ੍ਰਧਾਨ ਅਤੇ ਫੈਡਰਲ ਐਨ ਡੀ ਪੀ ਦੀ ਇਕ ਰਾਈਡਿੰਗ ਐਸੋਸੀਏਸ਼ਨ ਦਾ ਸਾਬਕਾ ਪ੍ਰਧਾਨ।

**ਉਮੀਦਵਾਰ ਦਾ ਬਿਆਨ:** ਮੈਂ ਉਹਨਾਂ ਕਮਿਊਨਿਟੀਆਂ ਲਈ ਕੰਮ ਕਰਨ ਵੱਲ ਧਿਆਨ ਦੇਣ ਵਾਲਾ ਇਕ ਨੌਨ-ਬਾਈਨਰੀ ਸੈਟਲਰ ਹਾਂ ਜਿਹਨਾਂ ਕਮਿਊਨਿਟੀਆਂ ਵਿੱਚ ਮੈਂ ਰਹਿੰਦਾ ਅਤੇ ਕੰਮ ਕਰਦਾ ਹਾਂ। ਮੇਰਾ ਕੰਮ ਸਾਡੀਆਂ ਕਮਿਊਨਿਟੀਆਂ ਦੇ ਮੈਂਬਰਾਂ ਲਈ ਰੁਕਾਵਟਾਂ ਨੂੰ ਘਟਾਉਣ ਅਤੇ ਖਤਮ ਕਰਨ ਉੱਤੇ ਕੇਂਦਰਿਤ ਹੈ - ਮੈਂ ਇਸ ਨੂੰ ਵੈਨਸਿਟੀ ਦੇ ਬੋਰਡ ਵਿੱਚ ਲਿਆ ਸਕਣ ਦੇ ਯੋਗ ਹੋਣ ਦੀ ਉਮੀਦ ਕਰਦਾ ਹਾਂ। ਮੈਂ ਅਜਿਹੀ ਵਰਕਰ-ਕੇਂਦਰਿਤ ਪਹੁੰਚ ਲਿਆਉਣ ਦੀ ਉਮੀਦ ਕਰਦਾ ਹਾਂ ਜੋ ਕ੍ਰੈਡਿਟ ਯੂਨੀਅਨ ਦੀ ਲੰਮੇ ਸਮੇਂ ਦੀ ਵਿਹਾਰਕਤਾ ਨੂੰ ਯਕੀਨੀ ਬਣਾਉਂਦਿਆਂ ਮੈਂਬਰਸ਼ਿੱਪ ਦੀਆਂ ਲੋੜਾਂ ਨੂੰ ਉੱਚੀ ਥਾਂ ਦੇਵੇ। ਮੈਂ (ਆਪਣੀ ਯੂਨੀਅਨ ਦੀ ਲੋਕਲ ਦੇ ਟਰੱਸਟੀ ਅਤੇ ਇਕ ਨੌਨ-ਪ੍ਰੌਫਿਟ ਦੇ ਖਜ਼ਾਨਚੀ ਵਜੋਂ) ਵਿੱਤੀ ਨਿਗਰਾਨੀ, (ਇਕ ਹੈਲਥ ਰੈਗੂਲੇਟਰ ਦੀ ਕੁਆਲਟੀ ਅਸ਼ੋਰੈਂਸ ਕਮੇਟੀ ਦੇ ਕੋ-ਚੇਅਰ ਵਜੋਂ) ਤਬਦੀਲੀ ਦੇ ਪ੍ਰਬੰਧ (ਇਕ ਨੌਨ-ਪ੍ਰੌਫਿਟ ਦੇ ਪ੍ਰੈਜ਼ੀਡੈਂਟ ਹੋਣ ਦੇ ਨਾਲ ਨਾਲ ਕਈ ਸਿਆਸੀ ਬੋਰਡਾਂ ਦਾ ਪ੍ਰੈਜ਼ੀਡੈਂਟ ਹੋਣ ਵਜੋਂ) ਅਤੇ ਉੱਚ ਪੱਧਰ ਦੀ ਸੇਧ ਦੇਣ (ਹਾਈ ਲੈਵਲ ਸਟੀਅਰਿੰਗ) ਲਈ ਜ਼ਿੰਮੇਵਾਰ ਰਿਹਾ ਹਾਂ।

**ਈਮੇਲ** brett@brettcollins.ca

**ਵੈੱਬਸਾਈਟ** brettcollins.ca

**ਲਿੰਕਡਿਨ** www.linkedin.com/in/brettdcollins

---

**ਸਿਫਾਰਿਸ਼ ਕੀਤੀ ਗਈ ਹੈ**



6

## Am Johal

ਆਰਟਿਸਟਿਕ ਐਗਜ਼ੈਕਟਿਵ ਡਾਇਰੈਕਟਰ ਇੰਡੀਅਨ ਸਮਰ ਫੈਸਟੀਵਲ

15 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਮੈਂ ਇੱਕ ਕਮਿਊਨਿਟੀ ਅਤੇ ਸੱਭਿਆਚਾਰਕ ਆਗੂ ਹਾਂ ਅਤੇ ਮੇਰੇ ਕੋਲ ਸਰਕਾਰ, ਨੌਨ-ਪ੍ਰੌਫਿਟ ਸੰਸਥਾਵਾਂ, ਪਾਲਿਸੀ, ਐਡਵੋਕੇਸੀ, ਵਾਤਾਵਰਨ ਨਾਲ ਸੰਬੰਧਿਤ ਲਹਿਰਾਂ ਅਤੇ ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਤਜਰਬਾ ਹੈ। ਮੈਂ ਵੈਨਕੂਵਰ ਅੰਤਰਰਾਸ਼ਟਰੀ ਫਿਲਮ ਫੈਸਟੀਵਲ, ਇੰਡੀਅਨ ਸਮਰ ਫੈਸਟੀਵਲ, 221 ਏ ਦਾ ਚੇਅਰ ਅਤੇ ਵੈਨਸਿਟੀ ਕਮਿਊਨਿਟੀ ਫਾਊਂਡੇਸ਼ਨ ਦਾ ਸਹਿ-ਚੇਅਰ ਰਹਿ ਚੁੱਕਾ ਹਾਂ, ਅਤੇ ਵੈਨਕੂਵਰ ਸਿਟੀ ਪਲੈਨਿੰਗ ਕਮਿਸ਼ਨ ਦਾ ਸਾਬਕਾ ਮੈਂਬਰ ਹਾਂ। ਚੌਦ੍ਹਾਂ ਸਾਲਾਂ ਤੱਕ, ਮੈਂ ਐੱਸ ਐੱਫ ਯੂ ਦੇ ਵੈਨਸਿਟੀ ਆਫਿਸ ਆਫ ਕਮਿਊਨਿਟੀ ਇਨਗੇਜਮੈਂਟ ਦਾ ਡਾਇਰੈਕਟਰ ਸੀ। ਦੂਸਰੇ ਲੋਕਾਂ ਨਾਲ ਮਿਲ ਕੇ ਮੈਂ ਚਾਰ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਹਨ ਅਤੇ ਐੱਸ ਐੱਫ ਯੂ ਦੇ ਗ੍ਰੈਜੂਏਟ ਲਿਬਰਲ ਸਟੱਡੀਜ਼, ਸਕੂਲ ਫਾਰ ਕੰਟੈਂਪਰੇਰੀ ਆਰਟਸ ਅਤੇ ਸੈਮੈਸਟਰ ਇਨ ਡਾਇਲਾਗ ਵਿੱਚ ਪੜ੍ਹਾਇਆ ਹੈ। 2007 ਵਿੱਚ, ਮੈਂ ਵੈਨਸਿਟੀ ਦੇ ਬੋਲੋਗਨਾ ਕੋਆਪਰੇਟਿਵ ਲੀਡਰਸ਼ਿਪ ਪ੍ਰੋਗਰਾਮ ਵਿੱਚ ਹਿੱਸਾ ਲਿਆ ਸੀ।

**ਉਮੀਦਵਾਰ ਦਾ ਬਿਆਨ:** ਮੈਂ ਵੈਨਸਿਟੀ ਦੇ ਬੋਰਡ ਆਫ਼ ਡਾਇਰੈਕਟਰਜ਼ ਲਈ ਇਸ ਲਈ ਚੋਣ ਲੜ ਰਿਹਾ ਹਾਂ ਕਿਉਂਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਕ੍ਰੈਡਿਟ ਯੂਨੀਅਨਾਂ ਨਿਆਂਕਾਰੀ ਅਤੇ ਨਿਰਪੱਖ ਭਾਈਚਾਰੇ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਮੈਂ ਤਿੰਨ ਦਹਾਕਿਆਂ ਤੋਂ ਕਮਿਊਨਿਟੀ ਇਨਗੇਜਮੈਂਟ, ਸਮਾਜਕ ਅਤੇ ਵਾਤਾਵਰਨਕ ਇਨਸਾਫ, ਅਤੇ ਸੱਭਿਆਚਾਰਕ ਲੀਡਰਸ਼ਿਪ ਵਿੱਚ ਕੰਮ ਕੀਤਾ ਹੈ, ਜਿਸ ਦੌਰਾਨ ਮੈਂ ਸ਼ਹਿਰਾਂ ਦੀਆਂ ਜਟਿਲ ਚੁਣੌਤੀਆਂ ਦਾ ਹੱਲ ਲੱਭਣ ਲਈ ਲੋਕਾਂ ਨੂੰ ਇਕੱਠੇ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ। ਐੱਸ ਐੱਫ ਯੂ ਦੇ ਵੈਨਸਿਟੀ ਆਫਿਸ ਆਫ਼ ਕਮਿਊਨਿਟੀ ਇਨਗੇਜਮੈਂਟ ਦੇ ਸਾਬਕਾ ਡਾਇਰੈਕਟਰ ਅਤੇ ਵੈਨਕੂਵਰ ਇੰਟਰਨੈਸ਼ਨਲ ਫਿਲਮ ਫੈਸਟੀਵਲ ਦੇ ਸਾਬਕਾ ਚੇਅਰਮੈਨ ਵਜੋਂ, ਮੇਰੇ ਕੋਲ ਸਹਿਯੋਗੀ ਪ੍ਰਬੰਧ (ਕੋਲੈਬੇਰੇਟਿਵ ਗਵਰਨੈਂਸ), ਪਬਲਿਕ ਡਾਇਲਾਗ, ਅਤੇ ਅਦਾਰਿਆਂ ਅਤੇ ਗਰਾਸਰੂਟਸ ਕਮਿਊਨਿਟਆਂ ਵਿਚਕਾਰ ਭਾਈਵਾਲੀ ਬਣਾਉਣ ਦਾ ਤਜਰਬਾ ਹੈ। ਇੰਡੀਅਨ ਸਮਰ ਫੈਸਟੀਵਲ ਦੇ ਐਗਜ਼ੈਕਟਿਵ ਅਰਟਿਸਟਿਕ ਡਾਇਰੈਕਟਰ ਵਜੋਂ, ਮੈਂ ਲੋਕਾਂ ਨੂੰ ਇਕ ਦੂਜੇ ਨਾਲ ਜੋੜਨ ਅਤੇ ਨਵੀਆਂ ਇਕਜੁੱਟਤਾਵਾਂ ਬਣਾਉਣ ਵਿੱਚ ਕਲਾ ਦੀ ਭੂਮਿਕਾ ਦੀ ਕਦਰ ਕਰਦਾ ਹਾਂ।

ਮੇਰੀ ਪਹੁੰਚ ਸ਼ਮੂਲੀਅਤ, ਵਾਤਾਵਰਨ ਦੇ ਸੰਬੰਧ ਵਿੱਚ ਜ਼ਿੰਮੇਵਾਰੀ ਅਤੇ ਆਰਥਿਕ ਨਿਆਂ ਨਾਲ ਜੁੜੀ ਹੋਈ ਹੈ। ਪਬਲਿਕ ਪਾਲਸੀ, ਕਮਿਊਨਿਟੀ ਵਿਕਾਸ, ਅਤੇ ਸਮਾਜਿਕ ਨਵੀਨਤਾ ਵਿੱਚ ਮੇਰਾ ਪਿਛੋਕੜ ਮੈਨੂੰ ਵੈਨਸਿਟੀ ਦੀ ਸਟ੍ਰੈਟੀਜਕ ਦਿਸ਼ਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੇ ਸਮਰੱਥ ਬਣਾਉਂਦਾ ਹੈ—ਇਹ ਯਕੀਨੀ ਬਣਾਉਂਦੇ ਹੋਏ ਕਿ ਫੈਸਲੇ ਲੈਣ ਸਮੇਂ ਮੈਂਬਰਾਂ ਦੀਆਂ ਲੋੜਾਂ ਕੇਂਦਰ ਵਿੱਚ ਰਹਿਣ।

**ਈਮੇਲ** am.johal@sfu.ca

**ਇੰਸਟਾਗ੍ਰਾਮ** @am.johal

**ਫੇਸਬੁੱਕ** Am Johal

## ਸਿਫਾਰਿਸ਼ ਕੀਤੀ ਗਈ ਹੈ



7

### Lindsey LeClair

ਬੀ ਏ, ਜੇ ਡੀ, ਸੀ ਆਰ ਐਮ, ਆਈ ਸੀ ਡੀ. ਡੀ (ICD.D)

13 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਮੈਂ ਕਿੱਤੇ ਵਜੋਂ ਵਕੀਲ ਹਾਂ ਅਤੇ ਪਿਛਲੇ 20 ਸਾਲਾਂ ਵਿੱਚ ਮੈਂ ਆਪਣੀ ਲਾਅ ਫਰਮ ਰਾਹੀਂ ਅਤੇ ਇਨ-ਹਾਊਸ ਵਕੀਲ ਵਜੋਂ ਕਈ ਵੱਖ-ਵੱਖ ਕੰਪਨੀਆਂ ਨਾਲ ਕੰਮ ਕੀਤਾ ਹੈ। ਮੇਰਾ ਦਾਇਰਾ ਕਾਨੂੰਨੀ ਲੀਡਰਸ਼ਿਪ ਤੋਂ ਅਗਾਂਹ ਕੰਪਲਾਇੰਸ, ਰੈਗੂਲੇਟਰੀ ਅਤੇ ਸਰਕਾਰੀ ਮਾਮਲੇ, ਕਾਰਪੋਰੇਟ ਗਵਰਨੈਂਸ/ਸੈਕਰੀਟੇਰੀਅਲ ਸੇਵਾਵਾਂ ਅਤੇ ਐਂਟਰਪ੍ਰਾਈਜ਼ ਰਿਸਕ ਤੱਕ ਫੈਲਿਆ ਹੋਇਆ ਹੈ। ਪਿਛਲੇ 15 ਸਾਲਾਂ ਵਿੱਚ ਮੈਂ ਕਈ ਸੰਸਥਾਵਾਂ ਵਿੱਚ ਬੋਰਡ ਮੈਂਬਰ ਅਤੇ ਗਵਰਨੈਂਸ ਕਮੇਟੀ ਅਤੇ ਐਡਵੋਕੇਸੀ ਕਮੇਟੀ ਦੀ ਚੇਅਰ ਦੀ ਸੇਵਾ ਨਿਭਾਈ ਹੈ। ਮੈਂ ਸਮਝਦੀ ਹਾਂ ਕਿ ਕਿਸੇ ਸੰਸਥਾ ਦੀ ਕਾਮਯਾਬੀ ਲਈ ਉਸ ਦੀ ਐਗਜ਼ੈਕਟਿਵ ਅਤੇ ਬੋਰਡ ਵਿੱਚ ਸਟ੍ਰੈਟੀਜਕ ਲੀਡਰਸ਼ਿਪ ਦੀ ਬਹੁਤ ਅਹਿਮੀਅਤ ਹੈ। ਮੈਂ 2024 ਵਿੱਚ ਆਪਣੀ ICD.D ਦੀ ਉਪਾਧੀ ਵੀ ਹਾਸਲ ਕੀਤੀ ਹੈ।

**ਉਮੀਦਵਾਰ ਦਾ ਬਿਆਨ:** ਮੈਂ ਕੁਕਿਟਲਮ ਵਿੱਚ ਫਰਾਂਸੀਸੀ ਬੋਲਣ ਵਾਲੇ ਇਲਾਕੇ ਮੈਲਾਰਡਵਿਲ ਵਿੱਚ ਵੱਡੀ ਹੋਈ ਵੈਸਟਰਨ ਫ੍ਰੈਂਚ ਕੈਨੇਡੀਅਨ ਹਾਂ ਅਤੇ ਮੈਨੂੰ ਇਸ `ਤੇ ਮਾਣ ਹੈ। ਮੈਲਾਰਡਵਿਲ ਵਿਖੇ ਹਰ ਕੋਈ ਆਪਣੀ ਬੈਂਕਿੰਗ ਕੈਸ ਪਾਪੂਲਰ ਦੇ ਮੈਲਾਰਡਵਿਲ ਵਿੱਚ ਕਰਦਾ ਹੁੰਦਾ ਸੀ, ਜੋ ਬਾਅਦ ਵਿੱਚ ਵੈਨਸਿਟੀ ਨਾਲ ਮਿਲ ਗਿਆ। ਕੋ-ਅਪ੍ਰੇਟਿਵ ਵਿੱਤੀ ਸੇਵਾਵਾਂ (ਕੋ-ਅਪ੍ਰੇਟਿਵ ਫਾਈਨੈਂਸ਼ੀਅਲ ਸਰਵਿਸਜ਼) ਮੇਰੇ ਖੂਨ ਵਿੱਚ ਰਚੀਆਂ ਹੋਈਆਂ ਹਨ ਅਤੇ ਮੈਂ ਵਿਸ਼ਵਾਸ ਕਰਦੀ ਹਾਂ ਕਿ ਕ੍ਰੈਡਿਟ ਯੂਨੀਅਨਾਂ ਬੈਂਕ ਕਰਨ ਦਾ ਸਮਾਜਕ ਜ਼ਿੰਮੇਵਾਰੀ ਵਾਲਾ ਅਤੇ ਨਫਾ ਕਮਾਉਣ ਵਾਲਾ ਢੰਗ ਹੈ। ਮੈਂ ਆਪਣਾ 20 ਸਾਲਾਂ ਦਾ ਕੈਰੀਅਰ ਆਪਣੇ ਕਲਾਇੰਟਾਂ ਨੂੰ ਕਾਮਯਾਬ ਬਣਾਉਣ, ਸਟ੍ਰੈਟੀਜਕ ਕਾਰਪੋਰੇਟ ਪ੍ਰਬੰਧ ਵਿੱਚ ਮੁਹਾਰਤ ਵਿਕਸਤ ਕਰਨ ਅਤੇ ਆਪਣੀ ਕਮਿਊਨਿਟੀ ਦੀ ਸੇਵਾ ਕਰਨ ਵਿੱਚ ਲਾਇਆ ਹੈ। ਮੈਂ ਵੈਨਸਿਟੀ ਅਤੇ ਇਸ ਦੇ ਮੈਂਬਰਾਂ ਦੀ ਕਾਮਯਾਬੀ ਹਾਸਲ ਕਰਨ ਅਤੇ ਤਬਦੀਲੀ ਲਈ ਇਕ ਵਿੱਤੀ ਸ਼ਕਤੀ ਬਣਨ ਵਿੱਚ ਮਦਦ ਕਰਨਾ ਚਾਹੁੰਦੀ ਹਾਂ। ਮੈਂ ਵਿਸ਼ਵਾਸ ਕਰਦੀ ਹਾਂ ਕਿ ਮੇਰੀ ਮੁਹਾਰਤ ਅਤੇ ਮੇਰੀ ਵਿਦਿਆ ਮੈਨੂੰ ਇਹ ਕਰਨ ਲਈ ਇਕ ਉੱਤਮ ਉਮੀਦਵਾਰ ਬਣਾਉਂਦੀ ਹੈ। ਮੈਂ ਖੁਸ਼ਕਿਸਮਤ ਹਾਂ ਕਿ ਮੇਰੇ ਕੋਲ ਅਜਿਹਾ ਪਰਿਵਾਰ, ਦੋਸਤ, ਸਹਿਕਰਮੀ ਅਤੇ ਮਾਰਗਦਰਸ਼ਕ ਹਨ ਜੋ ਮੇਰੇ ਸੁਫਨਿਆਂ ਅਤੇ ਕਾਮਯਾਬੀਆਂ ਦਾ ਸਮਰਥਨ ਕਰਦੇ ਹਨ। ਇਹ ਯਕੀਨੀ ਬਣਾ ਕੇ ਕਿ ਵੈਨਸਿਟੀ ਉਹਨਾਂ ਦੇ ਸੁਫਨਿਆਂ ਅਤੇ ਕਾਮਯਾਬੀਆਂ ਦੀ ਹਿਮਾਇਤ ਕਰਨਾ ਜਾਰੀ ਰੱਖੇ ਮੈਂ ਆਪਣੇ ਸਾਥੀ ਮੈਂਬਰਾਂ ਦਾ ਸਮਰਥਨ ਕਰਕੇ ਮਾਣ ਮਹਿਸੂਸ ਕਰਾਂਗੀ।

**ਈਮੇਲ** leclair.lindsey@gmail.com

**ਲਿੰਕਡਿਨ** www.linkedin.com/in/lindseyleclair

---



8

### Phil Moore

ਆਈ ਸੀ ਡੀ. ਡੀ (ICD.D) - ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ ਦਾ ਡਾਇਰੈਕਟਰ, ਵੈਨਸਿਟੀ ਦੀ ਰੀਮਿਊਨੀਰੇਸ਼ਨ ਕਮੇਟੀ ਦਾ ਸਾਬਕਾ ਪ੍ਰਧਾਨ

36 ਸਾਲਾਂ ਤੋਂ ਮੈਂਬਰ

**ਪਿਛੋਕੜ ਅਤੇ ਤਜਰਬਾ:** ਮੇਰੇ ਕੋਲ ਬੋਰਡ ਅਤੇ ਪ੍ਰਬੰਧ (ਬੋਰਡ ਐਂਡ ਗਵਰਨੈਂਸ) ਦੇ ਖੇਤਰ ਵਿੱਚ ਸੋਲਾਂ ਤੋਂ ਵੱਧ ਸਾਲਾਂ ਦਾ ਤਜਰਬਾ ਹੈ ਅਤੇ ਮੇਰੇ ਕੋਲ ਆਈ ਸੀ ਡੀ. ਡੀ (ICD.D) ਦੀ ਉਪਾਧੀ ਹੈ। ਮੈਂ ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ ਦੇ ਡਾਇਰੈਕਟਰ ਵਜੋਂ ਛੇ ਸਾਲ ਸੇਵਾ ਕਰਨ ਦੌਰਾਨ ਉਹਨਾਂ ਦੀਆਂ ਆਡਿਟ ਐਂਡ ਰਿਸਕ, ਈ ਐੱਸ ਜੀ ਅਤੇ ਰੀਅਲਟਰ ਕੋਡ ਕਮੇਟੀਆਂ ਦਾ ਪ੍ਰਧਾਨ (ਚੇਅਰ) ਰਿਹਾ ਹਾਂ ਅਤੇ ਨੌਂ ਸਾਲ ਰੀਅਲ ਇਸਟੇਟ ਬੋਰਡ ਆਫ ਗਰੇਟਰ ਵੈਨਕੂਵਰ ਦੇ ਬੋਰਡ `ਤੇ ਰਿਹਾ ਹਾਂ, ਜਿੱਥੇ ਸੰਨ 2018 ਵਿੱਚ ਮੈਨੂੰ ਪ੍ਰੈਜ਼ੀਡੈਂਟ ਚੁਣਿਆ ਗਿਆ ਸੀ। ਪਹਿਲਾਂ ਮੈਂ ਵੈਨਸਿਟੀ ਦੀ ਡਾਇਰੈਕਟਰ ਰੀਮਿਊਨੀਰੇਸ਼ਨ ਕਮੇਟੀ ਦੀ ਪ੍ਰਧਾਨਗੀ ਕੀਤੀ ਸੀ, ਜਿਸ ਤੋਂ ਮੈਨੂੰ ਕੋਅਪ੍ਰੇਟਿਵ ਗਵਰਨੈਂਸ ਅਤੇ ਜਵਾਬਦੇਹੀ ਵਿੱਚ ਸਿੱਧਾ ਤਜਰਬਾ ਹਾਸਲ ਹੋਇਆ ਸੀ। ਵੈਨਕੂਵਰ ਪੁਲੀਸ ਦੇ ਇਕ ਸਾਬਕਾ ਅਫਸਰ ਵਜੋਂ ਮੈਂ ਆਪਣਾ ਕੈਰੀਅਰ ਦੂਜਿਆਂ ਦੀ ਸੇਵਾ ਵਿੱਚ ਬਿਤਾਇਆ ਹੈ ਅਤੇ ਇਸ ਸਮੇਂ ਇਕ ਰੀਅਲਟਰ ਹਾਂ ਅਤੇ ਐਟ-ਰਿਸਕ ਯੂਥ ਨਾਲ ਇਕ ਮਾਰਗਦਰਸ਼ਕ ਵਜੋਂ ਕੰਮ ਕਰ ਰਿਹਾ ਹਾਂ।

**ਉਮੀਦਵਾਰ ਦਾ ਬਿਆਨ:** ਮੇਰਾ ਵਿਸ਼ਵਾਸ ਹੈ ਕਿ ਜਦੋਂ ਫੈਸਲੇ ਮਕਸਦ ਅਨੁਸਾਰ ਕੀਤੇ ਜਾਂਦੇ ਹਨ ਨਾ ਕਿ ਮੁਨਾਫੇ ਅਨੁਸਾਰ ਤਾਂ ਅਦਾਰਿਆਂ ਕੋਲ ਅਰਥ ਭਰਪੂਰ ਤਬਦੀਲੀ ਲਿਆਉਣ ਦੀ ਤਾਕਤ ਹੁੰਦੀ ਹੈ। ਮੈਂ ਵੈਨਸਿਟੀ ਦੇ ਬੋਰਡ `ਤੇ ਇਸ ਲਈ ਸੇਵਾ ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ਇਸ ਦੀ ਨਿਆਂਕਾਰੀ, ਬਰਕਰਾਰ ਰਹਿਣ ਯੋਗਤਾ (ਸਸਟੇਨੇਬਿਲਟੀ) ਅਤੇ ਕਮਿਊਨਿਟੀ ਸੇਧਤ ਲੀਡਰਸ਼ਿੱਪ ਨਾਲ ਸਹਿਮਤ ਹਾਂ। ਆਪਣੇ ਸੋਲਾਂ ਸਾਲਾਂ ਦੇ ਪ੍ਰਬੰਧਕੀ (ਗਵਰਨੈਂਸ) ਤਜਰਬੇ ਨਾਲ ਮੈਂ ਜਵਾਬਦੇਹੀ, ਅਮਾਨਤੀ ਫਰਜ਼ (ਫਿਡੂਸ਼ੀਅਰੀ ਡਿਊਟੀ) ਅਤੇ ਮੈਂਬਰਾਂ ਦੇ ਸਭ ਤੋਂ ਵਧੀਆ ਹਿਤਾਂ ਵਿੱਚ ਕੰਮ ਕਰਨ ਦੀ ਜ਼ਿੰਮੇਵਾਰੀ ਨੂੰ ਸਮਝਦਾ ਹਾਂ। ਮੈਂ ਆਡਿਟ ਐਂਡ ਰਿਸਕ, ਈ ਐੱਸ ਜੀ, ਰੀਅਲਟਰ ਕੋਡ ਅਤੇ ਨੈਸ਼ਨਲ ਪੱਧਰ `ਤੇ ਪ੍ਰਬੰਧ (ਗਵਰਨੈਂਸ) ਨਾਲ ਸੰਬੰਧਿਤ ਕਮੇਟੀਆਂ ਦਾ ਪ੍ਰਧਾਨ (ਚੇਅਰ) ਰਿਹਾ ਹਾਂ ਅਤੇ ਪਹਿਲਾਂ ਵੈਨਸਿਟੀ ਦੀ ਡਾਇਰੈਕਟਰ ਰੀਮਿਊਨੀਰੇਸ਼ਨ ਕਮੇਟੀ ਦੀ ਪ੍ਰਧਾਨਗੀ ਕੀਤੀ ਹੈ। ਵੈਨਕੂਵਰ ਪੁਲੀਸ ਦੇ ਇਕ ਅਫਸਰ ਹੋਣ ਦੇ ਮੇਰੇ ਪਿਛੋਕੜ ਨੇ ਮੈਨੂੰ ਇਮਾਨਦਾਰੀ ਅਤੇ ਪਬਲਿਕ ਸਰਵਿਸ ਦੀ ਮਹੱਤਤਾ ਸਮਝਾਈ ਹੈ, ਅਤੇ ਇਸ ਸਮੇਂ ਇਕ ਰੀਅਲਟਰ ਹੁੰਦਿਆਂ ਕੈਂਪ ਚੁਆਇਸ ਬ੍ਰਿਟਿਸ਼ ਕੋਲੰਬੀਆ ਅਤੇ ਈਸਟ ਇੰਡ ਬੁਆਇਜ਼ ਕਲੱਬ ਰਾਹੀਂ ਐਟ ਰਿਸਕ ਯੂਥ (ਨਾਂਹ-ਪੱਖੀ ਸਥਿਤੀਆਂ ਵਿੱਚ ਘਿਰ ਜਾਣ ਦੀ ਸੰਭਾਵਨਾ ਰੱਖਣ ਵਾਲੇ ਨੌਜਵਾਨਾਂ) ਦਾ ਮਾਰਗਦਰਸ਼ਨ ਕਰਕੇ ਮੈਂ ਉਸ ਵਚਨਬੱਧਤਾ ਨੂੰ ਜਾਰੀ ਰੱਖ ਰਿਹਾ ਹਾਂ। ਮੈਂ ਪਾਰਦਰਸ਼ਤਾ, ਸਹਿਯੋਗ ਅਤੇ ਉਸਾਰੂ ਚੁਣੌਤੀ ਲਈ ਇਕ ਮਜ਼ਬੂਤ ਅਤੇ ਸਪਸ਼ਟ ਅਵਾਜ਼ ਦਾ ਧਾਰਨੀ ਹਾਂ। ਮੈਂ ਇਹ ਯਕੀਨੀ ਬਣਾਉਣ ਲਈ ਕੰਮ ਕਰਾਂਗਾ ਕਿ ਵੈਨਸਿਟੀ ਹਾਂ-ਮੁੱਖੀ ਅਤੇ ਲੰਮੇ ਸਮੇਂ ਤੱਕ ਰਹਿਣ ਵਾਲੀ ਵਿੱਤੀ ਸ਼ਕਤੀ ਬਣੀ ਰਹੇ।

**ਈਮੇਲ** phil@philmoore.ca

**ਵੈੱਬਸਾਈਟ** philmoore.ca

---

# 2500 ਡਾਲਰ ਦਾ ਟਰਮ ਡਿਪਾਜ਼ਟ ਜਿੱਤੋ!*

ਵੈਨਸਿਟੀ ਦੇ ਬੋਰਡ ਦੇ ਡਾਇਰੈਕਟਰਾਂ ਦੀ ਇਲੈਕਸ਼ਨ ਵਿੱਚ ਵੋਟ ਪਾਉਣ ਨਾਲ ਤੁਹਾਡਾ ਨਾਂ ਆਪਣੇ ਆਪ ਹੀ 31 ਵਿੱਚੋਂ 1 ਕੈਸ਼ ਕਰਨਯੋਗ ਟਰਮ ਡਿਪਾਜ਼ਟ ਦਾ ਇਨਾਮ ਜਿੱਤਣ ਲਈ ਦਰਜ ਹੋ ਜਾਵੇਗਾ। ਤੁਸੀਂ ਇਹ ਇਨਾਮ ਜਿੱਤ ਸਕਦੇ ਹੋ:

- **2500 ਡਾਲਰ ਦਾ ਸਭ ਤੋਂ ਵੱਡਾ ਇਨਾਮ (ਗ੍ਰੈਂਡ ਪ੍ਰਾਈਜ਼)**
- **500 ਡਾਲਰ ਦੇ ਦੂਜੇ ਨੰਬਰ ਦੇ 5 ਇਨਾਮ**
- **200 ਡਾਲਰ ਦੇ ਦੂਜੇ ਨੰਬਰ ਦੇ 25 ਇਨਾਮ**

ਅਤੇ ਜੇ ਤੁਸੀਂ ਸਾਡਾ ਪੋਸਟ-ਵੋਟ (ਵੋਟ ਤੋਂ ਬਾਅਦ ਦਾ) ਸਰਵੇ ਮੁਕੰਮਲ ਕਰੋਗੇ ਤਾਂ ਤੁਹਾਡੇ ਕੋਲ ਜੇ ਜੇ ਬੀਨ ਜਾਂ ਹੋਮ ਹਾਰਡਵੇਅਰ ਦੇ 5 ਵਿੱਚੋਂ 1 ਗਿਫਟ ਕਾਰਡ ਜਿੱਤਣ ਦਾ ਮੌਕਾ ਹੋਵੇਗਾ।

## ਕੀ ਤੁਸੀਂ ਬਿਜ਼ਨਸ ਮੈਂਬਰ ਹੋ? ਤੁਸੀਂ ਵੀ ਜਿੱਤ ਸਕਦੇ ਹੋ!

ਸਿਰਫ ਆਪਣਾ ਵੋਟ ਡਾਕ ਰਾਹੀਂ ਭੇਜਣ ਨਾਲ, ਤੁਹਾਨੂੰ ਆਪਣੇ ਆਪ ਹੀ **1,000 ਡਾਲਰ** ਦੇ ਕੈਸ਼ ਕਰਨਯੋਗ ਟਰਮ ਡਿਪਾਜ਼ਟ ਅਤੇ ਸਥਾਨਕ ਮਲਕੀਅਤ ਵਾਲੇ ਕਿਸੇ ਰੈਸਟੋਰੈਂਟ ਦੇ **200 ਡਾਲਰ** ਦੇ ਗਿਫਟ ਕਾਰਡ ਦਾ ਇਨਾਮ ਜਿੱਤਣ ਲਈ ਡਰਾਅ ਵਿੱਚ ਦਾਖਲ ਕੀਤਾ ਜਾਵੇਗਾ।

*ਨਿੱਜੀ ਬੈਂਕਿੰਗ ਮੈਂਬਰਾਂ ਕੋਲ ਇਕ 2500 ਡਾਲਰ ਦਾ, 5 ਵਿੱਚੋਂ ਇਕ 500 ਡਾਲਰ ਦਾ ਜਾਂ 25 ਵਿੱਚੋਂ ਇਕ 200 ਡਾਲਰ ਦਾ ਕੈਸ਼ ਕਰਨਯੋਗ ਟਰਮ ਡਿਪਾਜ਼ਟ ਜਿੱਤਣ ਦਾ ਮੌਕਾ ਹੈ। ਡਾਕ ਰਾਹੀਂ ਵੋਟ ਪਾਉਣ ਵਾਲੇ ਬਿਜ਼ਨਿਸ ਮੈਂਬਰਾਂ ਕੋਲ 1,000 ਡਾਲਰ ਦਾ ਕੈਸ਼ ਕਰਨਯੋਗ ਟਰਮ ਡਿਪਾਜ਼ਟ ਜਿੱਤਣ ਦੇ ਨਾਲ ਨਾਲ ਸਥਾਨਕ ਪੱਧਰ ਦੀ ਮਲਕੀਅਤ ਵਾਲੇ ਰੈਸਟੋਰੈਂਟ ਲਈ 200 ਡਾਲਰ ਦਾ ਗਿਫਟ ਕਾਰਡ ਜਿੱਤਣ ਦਾ ਮੌਕਾ ਹੈ। ਸ਼ਰਤਾਂ ਲਾਗੂ ਹਨ। ਕੋਈ ਚੀਜ਼ ਖਰੀਦਣ ਦੀ ਜ਼ਰੂਰਤ ਨਹੀਂ ਹੈ। ਮੁਕਾਬਲੇ ਦੇ ਸਾਰੇ ਦਫਤਰੀ ਨਿਯਮਾਂ ਬਾਰੇ ਜਾਣਨ ਲਈ, vancity.com/Election 'ਤੇ ਜਾਉ।

# ਕੁੱਝ ਮੈਂਬਰਾਂ ਦੀ ਸਿਫਾਰਿਸ਼ ਕਿਉਂ ਕੀਤੀ ਗਈ ਹੈ?

ਬ੍ਰਿਟਿਸ਼ ਕੋਲੰਬੀਆ ਦੀਆਂ ਕ੍ਰੈਡਿਟ ਯੂਨੀਅਨਾਂ ਨੂੰ ਨਿਯਮਤ ਕਰਨ ਵਾਲੀ ਸੂਬਾਈ ਸਰਕਾਰ ਦੀ ਏਜੰਸੀ, ਬ੍ਰਿਟਿਸ਼ ਕੋਲੰਬੀਆ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ (ਬੀ ਸੀ ਐੱਫ ਐੱਸ ਏ) ਦੀ ਮੰਗ ਮੁਤਾਬਕ, ਅਸੀਂ ਆਪਣੇ ਬੋਰਡ ਦੇ ਡਾਇਰੈਕਟਰਾਂ ਦੀ ਚੋਣ ਕਰਨ ਲਈ ਸਿਫਾਰਿਸ਼ ਦੇ ਅਮਲ ਦੀ ਪਾਲਣਾ ਕਰਦੇ ਹਾਂ।

ਹਰ ਸਾਲ ਬੋਰਡ, ਬੋਰਡ ਦੀਆਂ ਵਿਸ਼ੇਸ਼ਤਾਵਾਂ ਅਤੇ ਤਜਰਬੇ 'ਤੇ ਗੌਰ ਕਰਦਾ ਹੈ ਅਤੇ ਫਿਰ ਮੁਲਾਂਕਣ ਕਰਦਾ ਹੈ ਕਿ ਕਿਹੜੀਆਂ ਵਾਧੂ ਵਿਸ਼ੇਸ਼ਤਾਵਾਂ ਜਾਂ ਤਜਰਬੇ ਮੌਜੂਦਾ ਬੋਰਡ ਲਈ ਸਹਾਇਕ ਹੋਣਗੇ। ਹਰ ਸਾਲ ਨਵੰਬਰ ਵਿੱਚ ਭੇਜੇ ਜਾਂਦੇ ਨਾਮਜ਼ਦਗੀਆਂ ਲਈ ਸੱਦੇ ਵਿੱਚ ਇਹ ਜਾਣਕਾਰੀ ਮੈਂਬਰਾਂ ਨੂੰ ਦਿੱਤੀ ਜਾਂਦੀ ਹੈ।

ਚਾਰ ਨੌਨ-ਡਾਇਰੈਕਟਰਾਂ ਅਤੇ ਦੋ ਡਾਇਰੈਕਟਰਾਂ ਤੋਂ ਬਣੀ ਨੌਮੀਨੇਸ਼ਨਜ਼ ਐਂਡ ਇਲੈਕਸ਼ਨ ਕਮੇਟੀ (ਐੱਨ ਈ ਸੀ) ਨਾਮਜ਼ਦ ਵਿਅਕਤੀਆਂ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਦੇਖਦੀ ਹੈ ਅਤੇ ਹਰ ਇੱਕ ਨਾਮਜ਼ਦ ਵਿਅਕਤੀ ਨਾਲ ਇੰਟਰਵਿਊ ਕਰ ਸਕਦੀ ਹੈ। ਇੰਟਰਵਿਊਆਂ ਤੋਂ ਬਾਅਦ, ਐੱਨ ਈ ਸੀ ਨਾਮਜ਼ਦਗੀਆਂ ਦੇ ਸੱਦੇ ਵਿੱਚ ਦਿੱਤੀਆਂ ਉਹਨਾਂ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ ਨੂੰ ਧਿਆਨ ਵਿੱਚ ਰੱਖਦਿਆਂ ਨਾਮਜ਼ਦ ਵਿਅਕਤੀਆਂ ਦਾ ਮੁਲਾਂਕਣ ਕਰਨ ਲਈ ਮਿਲਦੀ ਹੈ, ਜਿਹਨਾਂ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ ਨੂੰ ਬੋਰਡ ਅੱਗੇ ਵਧਾਉਣਾ ਜਾਂ ਮਜ਼ਬੂਤ ਕਰਨਾ ਚਾਹੁੰਦਾ ਹੈ।

ਐੱਨ ਈ ਸੀ ਪੰਜ ਉਮੀਦਵਾਰਾਂ ਤੱਕ ਦੀ ਸਿਫ਼ਾਰਸ਼ ਕਰ ਸਕਦੀ ਹੈ। ਭਾਵੇਂ ਪੰਜ ਉਮੀਦਵਾਰਾਂ ਤੱਕ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਪਰ ਵੈਨਸਿਟੀ ਦਾ ਹਰ ਇੱਕ ਮੈਂਬਰ ਉਸ ਉਮੀਦਵਾਰ (ਉਮੀਦਵਾਰਾਂ) ਨੂੰ ਵੋਟ ਪਾ ਸਕਦਾ ਹੈ ਜਿਸ ਬਾਰੇ ਉਹ ਨਿੱਜੀ ਤੌਰ 'ਤੇ ਮਹਿਸੂਸ ਕਰਦਾ ਹੋਵੇ ਕਿ ਉਹ ਵੈਨਸਿਟੀ ਦੀਆਂ ਜ਼ਰੂਰਤਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰੇਗਾ।

ਬੀ ਸੀ ਐੱਫ ਐੱਸ ਏ ਦੀ ਗਵਰਨੈਂਸ ਗਾਈਡਲਾਈਨ ਦੀ ਮੁਕੰਮਲ ਕਾਪੀ, ਡਾਇਰੈਕਟਰਾਂ ਦੀਆਂ ਉਚਿਤ ਵਿਸ਼ੇਸ਼ਤਾਵਾਂ ਅਤੇ ਤਜਰਬਿਆਂ, ਇਲੈਕਸ਼ਨ ਬਾਰੇ ਸੇਧਾਂ ਅਤੇ ਸਿਫਾਰਿਸ਼ ਕਰਨ ਦੇ ਅਮਲ ਬਾਰੇ ਹੋਰ ਜਾਣਕਾਰੀ **vancity.com/Election** 'ਤੇ ਦੇਖੀ ਜਾ ਸਕਦੀ ਹੈ।

# ਧਰਤੀ ਲਈ ਯੋਜਨਾ

ਆਪਣੀ ਨੈੱਟ ਜ਼ੀਰੋ ਦੀ ਵਚਨਬੱਧਤਾ ਨਾਲ ਅਸੀਂ ਆਪਣਾ ਕਾਰਬਨ ਫੁੱਟਪ੍ਰਿੰਟ ਘਟਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ। ਖਾਸ ਕਰ ਕੇ ਇਲੈਕਸ਼ਨ ਦੇ ਸਮੇਂ ਦੌਰਾਨ। ਧਰਤੀ ਲਈ ਹੋਰ ਵੀ ਵੱਡਾ ਫ਼ਰਕ ਪਾਉਣ ਵਿੱਚ ਸਾਡੀ ਮਦਦ ਕਰਨ ਲਈ, ਕਿਰਪਾ ਕਰ ਕੇ ਔਨਲਾਈਨ ਜਾਂ ਸਾਡੇ ਮੋਬਾਈਲ ਐਪ 'ਤੇ ਵੋਟ ਪਾਉਣ ਬਾਰੇ ਵਿਚਾਰ ਕਰੋ। ਜੇਕਰ ਤੁਹਾਨੂੰ ਸਾਡੇ ਵੱਲੋਂ ਇਲੈਕਸ਼ਨ ਦਾ ਪੂਰਾ ਪੈਕੇਜ ਡਾਕ ਰਾਹੀਂ ਭੇਜਿਆ ਜਾਂਦਾ ਹੈ, ਤਾਂ ਤੁਸੀਂ election@vancity.com 'ਤੇ ਈਮੇਲ ਕਰ ਕੇ ਇਸ ਨੂੰ ਬੰਦ ਕਰਵਾ ਸਕਦੇ ਹੋ।

ਸੰਖੇਪ ਵਿੱਤੀ ਸਟੇਟਮੈਂਟਾਂ ਦੇ ਨਾਲ ਨਾਲ ਉਮੀਦਵਾਰਾਂ ਅਤੇ ਇਲੈਕਸ਼ਨ ਦੇ ਅਮਲ ਬਾਰੇ ਵਿਸਤ੍ਰਿਤ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਮਿਲ ਸਕਦੀ ਹੈ। ਅਤੇ ਜੇਕਰ ਤੁਸੀਂ ਪਹਿਲਾਂ ਹੀ ਅਜਿਹਾ ਨਹੀਂ ਕੀਤਾ ਹੈ, ਤਾਂ ਸਹੂਲਤ, ਸੁਰੱਖਿਆ ਅਤੇ ਕਾਗਜ਼ ਦਾ ਕੂੜਾ (ਪੇਪਰ ਵੇਸਟ) ਘਟਾਉਣ ਲਈ ਪੇਪਰ ਦੀਆਂ ਸਟੇਟਮੈਂਟਾਂ ਦੀ ਥਾਂ ਇਲੈਕਟ੍ਰਾਨਿਕ ਸਟੇਟਮੈਂਟਾਂ (ਜਾਂ ਈ-ਸਟੇਟਮੈਂਟਾਂ) ਲੈਣ ਲਈ ਤਬਦੀਲੀ ਕਰਨ 'ਤੇ ਗੌਰ ਕਰੋ।

# 4 ਮਈ ਨੂੰ ਸਾਡੇ ਨਾਲ ਸ਼ਾਮਲ ਹੋਵੋ। 80 ਸਾਲਾਂ ਦਾ ਜਸ਼ਨ: ਏ ਜੀ ਐੱਮ ਅਤੇ ਮੈਂਬਰਾਂ ਲਈ ਸਮਾਗਮ।

2026
1946
Vancity



ਅਸੀਂ ਆਪਣੀ ਸਭ ਤੋਂ ਵੱਡੀ ਐਨੂਅਲ ਜਨਰਲ ਮੀਟਿੰਗ (ਸਾਲਾਨਾ ਆਮ ਮੀਟਿੰਗ) ਅਤੇ ਮੈਂਬਰਾਂ ਵਲੋਂ ਜਸ਼ਨ ਨਾਲ ਬੈਂਕਿੰਗ ਦੀ ਦੁਨੀਆ ਨੂੰ ਹਲੂਣਾ ਦੇਣ ਦੇ 80 ਸਾਲਾਂ ਦਾ ਜਸ਼ਨ ਮਨਾ ਰਹੇ ਹਾਂ!

ਮੈਂਬਰਾਂ ਦੀ ਵੱਡੀ ਮਾਰਕੀਟ, ਲਾਈਵ ਪ੍ਰਦਰਸ਼ਨੀਆਂ, ਹਲਕੇ ਖਾਣਿਆਂ ਅਤੇ ਜਲਪਾਨ ਅਤੇ ਕਈ ਹੋਰ ਕੁੱਝ ਵਾਲੀ ਇਕ ਯਾਦਗਾਰੀ ਸ਼ਾਮ ਲਈ ਸਾਡੇ ਨਾਲ ਸ਼ਾਮਲ ਹੋਵੋ।

ਸਭ ਤੋਂ ਪਹਿਲਾਂ ਪਿਛਲੇ ਸਾਲ ਦੇ ਨਤੀਜੇ ਸੁਣੋ ਅਤੇ ਵੈਨਸਿਟੀ ਦੀ ਮੈਨਜਮੈਂਟ ਅਤੇ ਬੋਰਡ ਕੋਲੋਂ ਖੁਦ ਸਵਾਲ ਪੁੱਛਣ ਦਾ ਮੌਕਾ ਹਾਸਲ ਕਰੋ। ਹੋਰ ਮੈਂਬਰਾਂ ਨਾਲ ਜੁੜੋ ਅਤੇ ਇਸ ਬਾਰੇ ਜਾਣੋ ਕਿ ਅਸੀਂ ਕੈਨੇਡਾ ਵਿੱਚ ਬੈਂਕਿੰਗ ਨੂੰ ਬਦਲਣ ਲਈ ਆਪਣੀ ਦੂਰਦ੍ਰਿਸ਼ਟੀ ਨੂੰ ਕਿਸ ਤਰ੍ਹਾਂ ਅੱਗੇ ਵਧਾ ਰਹੇ ਹਾਂ। ਆਪਣਾ ਥਾਂ ਮੱਲੋ ਅਤੇ ਤਬਦੀਲੀ ਲਈ ਵਿੱਤੀ ਸ਼ਕਤੀ ਬਣਨ ਵਿੱਚ ਸਾਡੇ ਨਾਲ ਸ਼ਾਮਲ ਹੋਵੋ।

**ਕਦੋਂ**

**ਸੋਮਵਾਰ, 4 ਮਈ 2026.** ਦਰਵਾਜ਼ੇ ਸ਼ਾਮ ਦੇ 4:45 'ਤੇ ਖੁੱਲ੍ਹਣਗੇ।
ਫੌਰਮਲ ਮੀਟਿੰਗ ਸ਼ਾਮ ਦੇ 6:45 'ਤੇ ਸ਼ੁਰੂ ਹੋਵੇਗੀ।

**ਕਿੱਥੇ**

**ਸ਼ੈਰਾਟਨ ਵੈਨਕੂਵਰ ਵਾਲ ਸੈਂਟਰ,** 1000 ਬੁਰਾਡ ਸਟਰੀਟ, ਵੈਨਕੂਵਰ, ਬੀ ਸੀ।
ਅਸੀਂ ਹੇਠ ਲਿਖੀਆਂ ਬ੍ਰਾਂਚਾਂ `ਤੇ ਲਾਈਵ ਵੈੱਬਕਾਸਟ ਕਰਾਂਗੇ:

- ਫਸਟ ਕ੍ਰੈਡਿਟ ਯੂਨੀਅਨ - ਪਾਵਲ ਰਿਵਰ
- ਬ੍ਰਾਂਚ 34 - ਐਬਟਸਫੋਰਡ ਕਮਿਊਨਿਟੀ ਬ੍ਰਾਂਚ
- ਬ੍ਰਾਂਚ 42 - ਵਿਕਟੋਰੀਆ ਕਮਿਊਨਿਟੀ ਬ੍ਰਾਂਚ

ਹੋਰ ਵਿਸਥਾਰ ਲਈ **vancity.com/AGM** `ਤੇ ਜਾਉ।

**ਉੱਥੇ ਪਹੁੰਚਣ ਦੇ ਢੰਗ**

- ਸਕਾਈ ਟ੍ਰੇਨ: ਬੁਰਾਡ ਸਟੇਸ਼ਨ `ਤੇ ਉੱਤਰੋ।
- ਸਾਈਕਲ `ਤੇ: ਸਾਈਕਲਾਂ ਲਈ ਸੁਰੱਖਿਅਤ ਲੇਨਾਂ ਹੌਰਨਬੀ, ਹੈਰੋ ਅਤੇ ਬੁਰਾਡ ਸਟਰੀਟ ਦੇ ਨਾਲ ਨਾਲ ਜਾਂਦੀਆਂ ਹਨ।
- ਡਰਾਈਵ: ਪਾਰਕਿੰਗ ਸ਼ੈਰਾਟੈਨ ਵੈਨਕੂਵਰ ਵਾਲ ਸੈਂਟਰ ਵਿਖੇ ਉਪਲਬਧ ਹੈ।

**ਆਨਲਾਈਨ**

ਇਹ ਜਾਣਨ ਲਈ ਕਿ ਤੁਸੀਂ ਵਰਚੂਅਲੀ ਤੌਰ `ਤੇ ਕਿਵੇਂ ਹਿੱਸਾ ਲੈ ਸਕਦੇ ਹੋ **vancity.com/AGM** `ਤੇ ਜਾਉ।

**ਇਸ ਤੋਂ ਇਲਾਵਾ**

ਸਿਰਫ਼ ਮੀਟਿੰਗ ਵਿੱਚ ਸ਼ਾਮਲ ਹੋਣ ਨਾਲ ਤੁਹਾਡੇ ਕੋਲ **1,000** ਡਾਲਰ ਦੇ 2 ਕੈਸ਼ ਕਰਨਯੋਗ ਟਰਮ ਡਿਪਾਜ਼ਿਟਾਂ ਵਿੱਚੋਂ 1 ਟਰਮ ਡਿਪਾਜ਼ਟ ਜਿੱਤਣ ਦਾ ਮੌਕਾ ਹੋਵੇਗਾ।*

*ਵਰਚੁਅਲ ਅਤੇ ਵਿਅਕਤੀਗਤ ਤੌਰ 'ਤੇ ਹਾਜ਼ਰ ਹੋਣ ਵਾਲਿਆਂ ਲਈ ਇੱਕ-ਇੱਕ ਇਨਾਮ। ਕੋਈ ਚੀਜ਼ ਖਰੀਦਣ ਦੀ ਜ਼ਰੂਰਤ ਨਹੀਂ ਹੈ। ਹੋਰ ਵਿਸਥਾਰ ਅਤੇ ਮੁਕਾਬਲੇ ਦੇ ਸਾਰੇ ਦਫਤਰੀ ਨਿਯਮਾਂ ਬਾਰੇ ਜਾਣਨ ਲਈ vancity.com/AGM'ਤੇ ਜਾਉ।

RECYCLED
Paper made from recycled material
FSC® C011267
FSC www.fsc.org

ਤੁਹਾਡੀ ਪ੍ਰਾਈਵੇਸੀ ਸਾਡੇ ਲਈ ਮਹੱਤਵਪੂਰਨ ਹੈ। ਵੈਨਸਿਟੀ ਤੁਹਾਡੀ ਇਲੈਕਸ਼ਨ ਜਾਣਕਾਰੀ ਤੀਜੀ ਧਿਰ ਨੂੰ ਨਹੀਂ ਦੱਸਦੀ, ਸਾਂਝਾ ਨਹੀਂ ਕਰਦੀ ਜਾਂ ਵੇਚਦੀ ਨਹੀਂ ਹੈ। ਵੈਨਸਿਟੀ ਦੀ ਪ੍ਰਾਈਵੇਸੀ ਪੌਲਿਸੀ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰ ਕੇ vancity.com 'ਤੇ ਜਾਉ। ਭਾਵੇਂ ਅਸੀਂ ਦੂਹਰੀ ਵਾਰ ਚਿੱਠੀ ਭੇਜਣ, ਵਾਤਾਵਰਣ 'ਤੇ ਸਾਡੇ ਪ੍ਰਭਾਵ ਅਤੇ ਸਾਡੀਆਂ ਲਾਗਤਾਂ ਨੂੰ ਘੱਟ ਤੋਂ ਘੱਟ ਕਰਨ ਲਈ ਆਪਣੀਆਂ ਸੂਚੀਆਂ ਨੂੰ ਇਕੱਠੀਆਂ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਫਿਰ ਵੀ ਕੁਝ ਮੈਂਬਰਾਂ ਨੂੰ ਇੱਕ ਤੋਂ ਵੱਧ ਬੁਲੇਟਿਨ ਮਿਲ ਸਕਦੇ ਹਨ। ਜੇ ਤੁਹਨੂੰ ਇਸ ਤਰ੍ਹਾਂ ਚਿੱਠੀਆਂ ਮਿਲਦੀਆਂ ਹਨ, ਤਾਂ ਕਿਰਪਾ ਕਰ ਕੇ ਸਾਨੂੰ election@vancity.com 'ਤੇ ਈਮੇਲ ਰਾਹੀਂ ਸੂਚਿਤ ਕਰੋ ਤਾਂ ਜੋ ਅਸੀਂ ਆਪਣੇ ਰਿਕਾਰਡਾਂ ਨੂੰ ਅਪਡੇਟ ਕਰ ਸਕੀਏ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕੀਏ ਕਿ ਤੁਹਾਨੂੰ ਭਵਿੱਖ ਵਿੱਚ ਅਸੁਵਿਧਾ ਨਾ ਹੋਵੇ।